ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥


ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ


ਪਟਿਆਲਾ


ਗੁ: ਹੇਮਕੁੰਟ ਸਾਹਿਬ ਦੀ ਨਵੀਂ ਬਨਣ ਵਾਲੀ
ਇਮਾਰਤ ਦਾ ਚਿਤ੍ਰ

(2)


FEBRUARY

1968


ਫ਼ਰਵਰੀ

੧੯੬੮


ਬਸੰਤ ਪੰਚਮੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ ੮,੯ ਤੇ ੧੦
ਫ਼ਰਵਰੀ ਨੂੰ ਅਮਰ ਆਸ਼ਰਮ (ਨਜ਼ਦੀਕ ਤਸੀਲ) ਪਟਿਆਲਾ ਵਿਖੇ
ਹੋ ਰਿਹਾ ਹੈ, ਸੰਗਤਾਂ ਗੁਰੂ ਜਸ ਸੁਣਕੇ ਜਨਮ ਸਫ਼ਲਾ ਕਰਨ ।

www.AKJ.Org

# ਲੇਖ ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧. | ਸੰਪਾਦਕੀ | ੪ | ਸੰਪਾਦਕ |
| ੨. | ਅੰਮ੍ਰਿਤ ਨਾਮ ਯਾ ਨਾਮ ਅੰਮ੍ਰਿਤ | ੭ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ੩. | ਖਾਲਸਾ ਸੋਇ ਕਰੈ ਨਿਤ ਜੰਗ | ੧੧ | ਭਾਈ ਮਨਮੋਹਨ ਸਿੰਘ ਜੀ M.Sc. ਜੈਪੁਰ |
| ੪. | ਸ: ਸ਼ਾਮ ਸਿੰਘ ਜੀ ਅਟਾਰੀ ਵਾਲਾ | ੧੬ | ਪ੍ਰੋ. ਗੁਰਮੁਖ ਸਿੰਘ ਜੀ M.A. ਪਟਿਆਲਾ |
| ੫. | ਸਾਡੇ ਧਰਮ ਦੇ ਅਧਾਰ | ੧੮ | ਗਿਆਨੀ ਗੁਰਦਿਤ ਸਿੰਘ ਜੀ ਚੰਡੀਗੜ |
| ੬. | ਅਖੰਡ ਕੀਰਤਨ ਸਮਾਗਮ ਤੇ ਰਹਿਤ | ੨੧ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੭. | ਜਾਗੋ ! ਜਾਗੋ !! ਜਾਗੋ !!! | ੨੩ | ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ |
| ੮. | ਜਿਨ ਪ੍ਰੇਮ ਕੀਓ...... | ੨੬ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੯. | ਖੰਡੇ ਕੀ ਵੇਲਾ | ੨੮ | ਪ੍ਰੋ. ਪਿਆਰਾ ਸਿੰਘ ਜੀ ਪਦਮ, ਪਟਿਆਲਾ |
| ੧੦. | ਅੰਮ੍ਰਿਤ ਵੇਲਾ | ੩੬ | ਡਾ: ਤੇਜਇੰਦਰ ਸਿੰਘ ਜੀ ਭੁਪਾਲ |
| ੧੧. | ਗੁਰਮਤਿ ਦੇ ਝਰੋਖੇ ਤੋਂ | ੪੦ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੧੨. | ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ | ੪੩ | ਰੀਪੋਰਟਰ ਸੂਰਾ |
| ੧੩. | ਐਡੀਟਰ ਦੀ ਡਾਕ | ੪੭ | ਵਲੋਂ—ਐਡੀਟਰ |


## ਦਾਨੀ ਸਜਨਾਂ ਦਾ ਧੰਨਵਾਦ

| | |
|---|---|
| ਇਕ ਗੁਰਮੁਖ ਪਿਆਰਾ (ਗੁਪਤ) | 20-00 |
| ਗਿਆਨੀ ਮੇਹਰ ਸਿੰਘ ਰੁਲਦੂ ਸਿੰਘ ਵਾਲਾ (ਬਠਿੰਡਾ) | 5-00 |
| ਸ: ਗੁਰਦਿਆਲ ਸਿੰਘ ਜੀ, ਫ਼ੀਰੋਜ਼ਪੁਰ | 11-00 |
| ਜੋੜ— | 36-00 |

**ਰੈਣ ਸਬਾਈ ਕੀਰਤਨ:—** ਡਾ. ਕੰਵਰ ਸਿੰਘ ਜੀ ਪਿੰਡ ਘਨਗਸ (ਜ਼ਿਲਾ ਲੁਧਿਆਣਾ) ਦੇ ਗ੍ਰਹਿ ਵਿਖੇ 24-2-68 ਰਾਤ ਨੂੰ ਰੈਣ ਸਬਾਈ ਕੀਰਤਨ ਹੋਵੇਗਾ, ਸੰਮੂਹ ਗੁਰਮੁਖ ਪਰੇਮੀ ਸਮੇਂ ਸਿਰ ਪੁਜ ਕੇ ਲਾਹ ਲੈਣ।

ਨੋਟ.—ਪਿੰਡ ਘਣਗਸ ਰਾੜਾ ਸਾਹਿਬ ਤੋਂ ਕੇਵਲ ਇਕ ਮੀਲ ਦੀ ਵਿੱਥ ਤੇ ਹੈ, ਬਸਾਂ ਅਹਿਮਗੜ੍ਹ ਤੇ ਪਾਇਲ ਤੋਂ ਮਿਲਦੀਆਂ ਹਨ। ਦਾਸ—ਮਾਸਟਰ ਉਜਾਗਰ ਸਿੰਘ ਫਰਵਾਲੀ, ਜਿ: ਸੰਗਰੂਰ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥


੧ਓ ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

## ਪਟਿਆਲਾ

ਮਾਸਕ ਪੱਤਰ

ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੩ | ਮਾਘ—ਫਗਨ ੪੯੯ ਨਾਨਕ ਸ਼ਾਹੀ | ਅੰਕ ਨੰ: ੧


ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁੰਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੇ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥ ੧੩ ॥

(ਬਾਰਹ ਮਾਹਾ ਮਾਝ ਮਹਲਾ ੫ ਘਰੁ ੪)


ਆਨਰੇਰੀ ਐਡੀਟਰ :
ਮਨੋਹਰ ਸਿੰਘ



ਫ਼ਰਵਰੀ ੧੯੬੮

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਫ਼ਰਵਰੀ ੧੯੬੮ ਨੂੰ ਪ੍ਰਕਾਸ਼ਤ ਕੀਤਾ ।



www.AKJ.Org




"ਸੂਰਾ" ਨੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖ਼ਸ਼ਸ਼ ਸਦਕਾ ਅਤੇ ਸਮੂਹ ਪਾਠਕਾਂ ਤੇ ਸਾਧ ਸੰਗਤ ਦੀ ਅਸੀਸ ਦੇ ਆਧਾਰ ਤੇ ਦੋ ਸਾਲਾਂ ਤੋਂ ਗੁਰਮਤਿ ਸੰਦੇਸ਼ ਪਰਚਾਰ ਹਿੱਤ ਸੇਵਾ ਕਰਦਾ ਆਇਆ ਹੈ। ਇਸ ਪਰਚੇ ਨਾਲ ਅਸੀਂ ਤੀਸਰੇ ਸਾਲ ਵਿੱਚ ਕਦਮ ਰਖਦੇ ਹਾਂ। ਇਸ ਪੜਾਅ ਤੇ ਵੀ ਅਸੀਂ ਜਿਥੇ ਸਮੂਹ ਪਾਠਕਾਂ ਨੂੰ ਵਧਾਈ ਦਿੰਦੇ ਹਾਂ ਜਿਨ੍ਹਾਂ ਇਸ ਨੂੰ ਹਰ ਤਰਾਂ ਦੀ ਸਹਾਇਤਾ ਦੇ ਕੇ ਨਿਵਾਜਿਆ ਹੈ, ਉਥੇ ਅਸੀਂ ਸਭ ਅਗੇ ਬੇਨਤੀ ਕਰਦੇ ਹਾ ਕਿ ਇਸ ਨੂੰ ਆਪਣੀ ਸ਼ੁਭ ਅਸੀਸ ਬਖਸ਼ ਕੇ ਚੜ੍ਹਦੀਆਂ ਕਲਾਂ ਲਈ ਅਰਦਾਸ ਕਰਨ।

ਪਿਛਲੇ ਮਹੀਨੇ ਪੋਹ ਸੁਦੀ ਸਤਮੀਂ ਦੇ ਸਮਾਗਮ, ਜੋ ਲੁਧਿਆਣੇ ਹੋਇਆ ਸੀ, ਪੁਰ ਸੂਰਾ ਦੇ ਸਲਾਹ-ਕਾਰ ਬੋਰਡ ਦੀ ਇਕਤਰਤਾ ਹੋਈ ਸੀ। ਬੋਰਡ ਨੇ ਆਪਣੀ ਇਸ ਇਕਤਰਤਾ ਵਿਚ 'ਸੂਰਾ' ਦੀ ਤਰੱਕੀ ਲਈ ਕੁਝ ਜ਼ਰੂਰੀ ਫ਼ੈਸਲੇ ਕੀਤੇ ਹਨ ਜੋ ਸ਼ਲਾਘਾ ਜੋਗ ਹਨ। ਅਸੀਂ ਬੋਰਡ ਦੇ ਮੈਂਬਰਾਂ ਨੂੰ ਇਸ ਪਰ ਵਧਾਈ ਦਿੰਦੇ ਹਾਂ, ਅਤੇ ਆਸ ਕਰਦੇ ਹਾਂ, ਕਿ ਇਸ ਛੋਟੇ ਜਿਹੇ ਬਾਲਕ ਸੂਰਾ ਦੀ ਚੰਗੀ ਪਰਵਰਿਸ਼ ਦਾ ਪ੍ਰਬੰਧ ਕਰਕੇ ਇਸ ਨੂੰ ਹਰ ਤਰ੍ਹਾਂ ਚੜ੍ਹਦੀਆਂ ਕਲਾਂ ਵਲ ਲਿਜਾਇਆ ਜਾਏਗਾ। ਅਜ ਨ ਕੇਵਲ ਸਾਡੀਆਂ ਸਗੋਂ ਸਮੂਹ ਪਾਠਕਾਂ ਦੀਆਂ ਆਸਾਵਾਂ ਤੁਹਾਡੇ ਉਪਰ ਹਨ।

ਇਹਨਾਂ ਦੋ ਸਾਲਾਂ ਅੰਦਰ 'ਸੂਰਾ' ਵਿੱਚ ਛਪਨ ਵਾਲੇ ਲੇਖਾਂ ਦਾ ਸਤੱਰ (Standard) ਹੌਲੀ ਹੌਲੀ ਉਚਾ ਕਰਨ ਦੇ ਜਤਨ ਕੀਤੇ ਗਏ ਹਨ। ਪਰ ਬਹੁਤ ਸਾਰੇ ਪਾਠਕਾਂ ਦਾ ਖਿਆਲ ਹੈ ਕਿ ਲੇਖਾਂ ਦਾ ਸਤੱਰ ਅਜੇ ਨੀਵਾਂ ਹੈ। ਅਸੀਂ ਇਸ ਦੇ ਲਈ ਪੂਰੇ ਜਤਨ ਕਰ ਰਹੇ ਹਾਂ ਤੇ ਆਸ ਹੈ ਕਿ ਅਸੀਂ ਆਪਣੇ ਪਾਠਕਾਂ ਨੂੰ ਇਸ ਸਾਲ ਉਚੇ ਪੱਧਰ ਦੇ ਲੇਖ ਦਿਆਂਗੇ।

ਇਸ ਸੰਬੰਧ ਵਿੱਚ ਲੇਖਕ ਵੀਰਾਂ ਨੂੰ ਬੇਨਤੀ ਕਰਨੀ ਜ਼ਰੂਰੀ ਹੈ, ਅਸੀਂ ਉਹਨਾਂ ਦੇ ਅਤਿ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਨੂੰ ਆਪਣੇ ਸੋਹਣੇ ਸੋਹਣੇ ਲੇਖ ਭੇਜੇ। ਅਸੀਂ ਆਸ ਕਰਦੇ ਹਾਂ ਕਿ ਉਹ ਅਗੋਂ ਵੀ ਸਾਨੂੰ ਆਪਣੇ ਲੇਖ ਭੇਜ ਕੇ ਛਾਪਣ ਦੀ ਸੇਵਾ ਬਖਸ਼ਣਗੇ। ਇਥੇ ਇਕ ਗਲ ਚਤੇ ਕਰਾਉਣੀ ਯੋਗ ਹੋਵੇਗੀ ਕਿ ਅਜ ਦਾ ਪਾਠਕ ਪਛਮੀ ਸਭਿਅਤਾ ਦੇ ਚਾਨਣੇ ਵਿੱਚ ਤੁਰਦਾ ਫਿਰਦਾ ਹੈ; ਸਾਇੰਸ ਨੇ ਸਾਨੂੰ ਜੋ ਤਰਕ-ਵਿਰਤਕ (reason) ਦੀ ਵਾਦੀ ਪਾ ਛੱਡੀ ਹੈ ਇਸ ਦਾ ਟਾਕਰਾ ਹੁਣ ਪੁਰਾਤਨ ਕਥਾ ਕਹਾਣੀਆਂ ਨਾਲ ਕਰਨਾ ਸੰਭਵ ਨਹੀਂ। ਉਸ ਪੁਰਾਤਨ ਦੀ ਹੀ ਅਧੁਨਿਕ ਵਿਆਖਿਆ (interpretation) ਨਾਲ ਅਜ ਦੇ ਪਾਠਕ ਦੀ ਵਧੇਰੇ ਤ੍ਰਿਪਤੀ ਹੋ ਸਕੇਗੀ।

ਅੰਤ ਵਿੱਚ ਅਸੀਂ ਫੇਰ ਆਪ ਸਭ ਦਾ ਧੰਨਵਾਦ ਕਰਦੇ ਹਾਂ।



www.AKJ.Org

# ਸਾਲਾਨਾ ਅਖੰਡ ਕੀਰਤਨ ਸਮਾਗਮ, ਪਟਿਆਲਾ

ਸਰਬੱਤ ਸੰਗਤਾਂ ਦੇ ਚਰਨਾਂ ਵਿਖੇ ਜੋਦੜੀ ਹੈ ਕਿ ਸਦਾ ਵਾਂਗ ਇਸ ਸਾਲ ਵੀ ਪਟਿਆਲਾ ਵਿਖੇ ੮, ੯ ਅਤੇ ੧੦ ਫ਼ਰਵਰੀ ਨੂੰ ਬੜਾ ਭਾਰੀ ਅਖੰਡ ਕੀਰਤਨ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਿਹਾ ਹੈ।

## ✢ ਪਰੋਗਰਾਮ ✢

ਵੀਰਵਾਰ ੮ ਫ਼ਰਵਰੀ, ੧੯੬੮

ਸਵੇਰੇ—੫ ਵਜੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ
ਉਪਰੰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ
ਅਮਰ ਆਸ਼ਰਮ ਨੇੜੇ ਤਸੀਲ ਪਟਿਆਲਾ।

ਸ਼ਾਮ—੬ ਵਜੇ ਤੋਂ ੯ ਵਜੇ ਤਕ, ਅਮਰ ਆਸ਼ਰਮ

ਸ਼ੁਕਰਵਾਰ ੯ ਫ਼ਰਵਰੀ, ੧੯੬੮

ਸਵੇਰੇ—ਕੀਰਤਨ ੫ ਵਜੇ ਤੋਂ ੧੨ ਵਜੇ ਤਕ
ਅਮਰ ਆਸ਼ਰਮ, ਨੇੜੇ ਤਸੀਲ ਪਟਿਆਲਾ।

ਸ਼ਾਮ—੬ ਵਜੇ ਤੋਂ ੯ ਵਜੇ ਤਕ
ਨਿਵਾਸ ਅਸਥਾਨ—ਬੀਬੀ ਇੰਦਰਜੀਤ ਕੌਰ
ਪ੍ਰਿੰਸੀਪਲ ਗੌ: ਕਾਲਜ, ਫ਼ਾਰ ਵੋਮੈਨ,
(ਸਟੇਡੀਅਮ), ਪਟਿਆਲਾ।

ਸਨੀਚਰਵਾਰ ੧੦ ਫ਼ਰਵਰੀ, ੧੯੬੮

ਸਵੇਰੇ—ਕੀਰਤਨ ੫ ਵਜੇ ਤੋਂ ੧੨ ਵਜੇ ਤਕ
ਗੁ: ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ
(ਹਜ਼ੂਰੀ ਮਰਯਾਦਾ ਅਨੁਸਾਰ)

## ਰੈਣ ਸਬਾਈ ਕੀਰਤਨ

ਸਨੀਚਰਵਾਰ ੧੦ ਫ਼ਰਵਰੀ ੧੯੬੮ ਰਾਤ ਨੂੰ ਅਮਰ ਆਸ਼ਰਮ (ਨਜ਼ਦੀਕ ਤਹਿਸੀਲ) ਵਿਖੇ ਹਰਜਸ ਦੀਆਂ ਘੁਮਰਾਂ ਪੈਣਗੀਆਂ, ਜਿਸ ਦੀ ਸਮਾਪਤੀ ੧੧ ਫ਼ਰਵਰੀ ਨੂੰ ਸਵੇਰੇ ੮ ਵਜੇ ਹੋਵੇਗੀ।

## ਅੰਮ੍ਰਿਤ ਸੰਚਾਰ

੧੦ ਫ਼ਰਵਰੀ ਸਨੀਚਰਵਾਰ ਨੂੰ ਦੁਪਹਿਰ ਦੇ ਦੋ ਵਜੇ ਅਮਰ ਆਸ਼ਰਮ ਵਿਖੇ ਹੋਵੇਗਾ ਅੰਮ੍ਰਿਤ ਅਭਿਲਾਖੀ ਸਜਣ ਗੁਰਮਰਯਾਦਾ ਅਨੁਸਾਰ ਪੰਜ ਕਕਾਰੀ ਰਹਿਤ ਧਾਰਨ ਕਰਕੇ ਸਮੇਂ ਸਿਰ ਪੁਜ ਕੇ ਇਸ ਅਦੁਤੀ ਦਾਤ ਦੇ ਛਾਂਦੇ ਲੈਣ।

ਨੋਟ :—
(੧) ਲੋੜ ਅਨੁਸਾਰ ਪਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕੇਗੀ।
(੨) ਬਾਹਰੋਂ ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਲਿਆਉਣ ਦੀ ਕ੍ਰਿਪਾ ਕਰਨ।
(੩) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਅਮਰ ਆਸ਼ਰਮ ਕਿਸ਼ਨ ਭਵਨ ਪਟਿਆਲਾ ਵਿਖੇ ਹੋਵੇਗਾ।



www.AKJ.Org

# ਅਖੰਡ ਕੀਰਤਨ ਸਮਾਗਮ ਕੋਟਾ (ਰਾਜਿਸਥਾਨ)

## * ਪਰੋਗਰਾਮ *

ਸਵੇਰੇ—

(੧) ਕੀਰਤਨ ਆਸਾ ਦੀ ਵਾਰ—5 ਵਜੇ ਸਵੇਰੇ।
23-2-68 ਸ਼ੁਕਰਵਾਰ ਗੁ: ਕੋਟਾ ਜੰਕਸ਼ਨ।
24-2-68 ਸਨਿਚਰਵਾਰ ਗੁ: ਕੋਟਾ ਜੰਕਸ਼ਨ।
25-2-68 ਐਤਵਾਰ ਗੁ: ਕੋਟਾ ਜੰਕਸ਼ਨ।

ਸ਼ਾਮ—

ਸ਼ਾਮ—ਪਾਠ ਰਹਿਰਾਸ ਸਾਹਿਬ ਤੇ ਕੀਰਤਨ 6-30 ਤੋਂ 9-00 ਤਕ, ਗੁਰਦਵਾਰਾ ਕੋਟਾ ਜੰਕਸ਼ਨ ਪਾਠ ਰਹਿਰਾਸ ਸਾਹਿਬ ਤੇ ਕੀਰਤਨ ਗੁ: ਗੁਮਾਨਪੁਰਾ ਸਾਹਿਬ ਕੋਟਾ।

(੨) ਕੀਰਤਨ ਰੈਣ ਸਬਾਈ 25-2-68 ਐਤਵਾਰ 8-30 ਵਜੇ ਰਾਤ ਤੋਂ 26-2-68 ਸੋਮਵਾਰ 6-30 ਵਜੇ ਸਵੇਰੇ ਤਕ ਗੁਰਦਵਾਰਾ ਕੋਟਾ ਜੰਕਸ਼ਨ ਵਿਖੇ ਹੋਵੇਗਾ।

(੩) ਅੰਮ੍ਰਿਤ ਸੰਚਾਰ 25 ਫ਼ਰਵਰੀ 1968 ਐਤਵਾਰ ਗੁਰਦਵਾਰਾ ਕੋਟਾ ਜੰਕਸ਼ਨ ਵਿਖੇ ਸ਼ਾਮ ਦੇ ਤਿੰਨ ਵਜੇ ਸ਼ੁਰੂ ਹੋਵੇਗਾ। ਅੰਮ੍ਰਿਤ ਅਭਲਾਖੀ ਸਜਣ ਗੁਰ-ਮਰਯਾਦਾ ਅਨੁਸਾਰ ਰਹਿਤ ਸਹਿਤ ਸਮੇਂ ਸਿਰ ਪੁਜ ਕੇ ਇਸ ਅਦੁਤੀ ਦਾਤ ਦੇ ਛਾਂਦੇ ਲੈਣ।

**ਨੋਟ—** ੧ ਲੋੜ ਅਨੁਸਾਰ ਪਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ। ੨ ਬਾਹਰੋਂ ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਜ਼ਰੂਰ ਨਾਲ ਲਿਆਉਣ ਦੀ ਕ੍ਰਿਪਾ ਕਰਨ। ੩ ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਗੁਰਦਵਾਰਾ ਕੋਟਾ ਜੰਕਸ਼ਨ ਵਿਖੇ ਹੋਵਗਾ।

ਦਾਸਰੇ—ਸੰਗਤ, ਕੋਟ (ਰਾਜਿਸਥਾਨ)

# ਸਾਲਾਨਾ ਕੀਰਤਨ ਸਮਾਗਮ ਚੰਡੀਗੜ੍ਹ

ਅਕਾਲ ਪੁਰਖ ਦੀ ਮੇਹਰ ਨਾਲ ਚੰਡੀਗੜ੍ਹ ਦਾ ਸਾਲਾਨਾ ਹੋਲੇ ਮਹਲੇ ਦਾ ਸਮਾਗਮ ਹੇਠ ਲਿਖੇ ਪਰੋਗਰਾਮ ਅਨੁਸਾਰ ਮਨਾਇਆ ਜਾਵੇਗਾ :—

| | |
|---|---|
| 14 ਮਾਰਚ 1968 | ਅੰਮ੍ਰਿਤ ਵੇਲੇ 5 ਬਜੇ ਤੋਂ 1 ਵਜੇ ਤਕ ਕੀਰਤਨ |
| 14 ਮਾਰਚ 1968 | ਸ਼ਾਮ ਨੂੰ 6-30 ਬਜੇ ਤੋਂ 9 ਵਜੇ ਤਕ ਕੀਰਤਨ |
| 15 ਮਾਰਚ 1968 | ਦਿਨ ਸੁਹੇਲਾ ਕੀਰਤਨ |
| 16 ਮਾਰਚ 1968 | ਅੰਮ੍ਰਿਤਵੇਲੇ 5 ਬਜੇ ਤੋਂ 11 ਵਜੇ ਤਕ ਕੀਰਤਨ |
| 16 ਮਾਰਚ 1968 | ਸ਼ਾਮ ਨੂੰ 8 ਵਜੇ ਰੈਣ ਸਬਾਈ ਕੀਰਤਨ ਆਰੰਭ ਹੋਕੇ 17 ਮਾਰਚ 1968 ਨੂੰ ਸਵੇਰੇ 9 ਬਜੇ ਭੋਗ ਪਵੇਗਾ। |

ਇਹ ਕੀਰਤਨ ਪਰੋਗਰਾਮ ਵਖੋ ਵਖ ਸੈਕਟਰਾਂ ਵਿਚ ਹੋਵੇਗਾ ਜਿਸ ਦੀ ਸੂਚਨਾ ਅਗਲੇ ਮਹੀਨੇ ਦੇ ਸੂਰੇ ਵਿਚ ਪ੍ਰਕਾਸ਼ਤ ਕੀਤੀ ਜਾਵੇਗੀ।

ਅੰਮ੍ਰਿਤ ਸੰਚਾਰ ਸਮਾਗਮ 16 ਮਾਰਚ 1968 ਨੂੰ ਹੋਵੇਗਾ।

ਪੁਛ ਗਿਛ ਅਤੇ ਬਿਸਰਾਮ ਲਈ
ਹਰਿਚਰਨ ਸਿੰਘ
3032, ਸੈਕਟਰ 19 ਡੀ, ਚੰਡੀਗੜ

ਅਖੰਡ ਕੀਰਤਨੀ ਜਥਾ
ਚੰਡੀਗੜ੍ਹ



www.AKJ.Org

# ਅੰਮ੍ਰਿਤ ਨਾਮ ਯਾ ਨਾਮ ਅੰਮ੍ਰਿਤ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਦਮ ਬਦੰਮ ਨਾਮ ਅਭਿਆਸ ਰੂਪੀ ਅੰਮ੍ਰਿਤ ਪਿਆਲੇ ਪੀ ਪੀ ਕੇ ਪੰਜਾਂ ਪਿਆਰਿਆਂ ਦੁਆਰਾ ਪੀਤੇ ਅੰਮ੍ਰਿਤ ਦੀ ਸੁਰਜੀਤੀ ਸਦਾ ਸੁਰਜੀਤੀ ਰਹਿੰਦੀ ਹੈ। ਇਸ ਬਿਧਿ ਇਕ ਵਾਰ ਛਕੇ ਅੰਮ੍ਰਿਤ ਨੂੰ ਚਾਰ ਚੰਦ ਹੋਰ ਲਗ ਜਾਂਦੇ ਹਨ ਅਤੇ ਲਗੇ ਹੀ ਰਹਿੰਦੇ ਹਨ। ਅੰਮ੍ਰਿਤ ਨਾਮ ਅਭਿਆਸ ਦਾ ਵੇਗ ਚਲਾਕੇ ਅਠੋ ਪਹਿਰ ਅੰਤਰਿ ਬਾਹਰ ਬਸ ਜੋਤਿ-ਪ੍ਰਕਾਸ਼ੀ ਅੰਮ੍ਰਿਤ ਦੀ ਨੈਂ ਚਲਦੀ ਰਹਿੰਦੀ ਹੈ। ਚੱਤੇ ਪਹਿਰ ਰਸ ਜੋਤਿ ਅੰਮ੍ਰਿਤ ਧਾਰ ਦਾ ਮੂਸਲੇ ਧਾਰ ਮੀਂਹ ਪੈਂਦਾ ਰਹਿੰਦਾ ਹੈ ਇਸ ਪਾਰਸ ਅੰਮ੍ਰਿਤ ਰਸਾਇਆਂ ਦੀ ਪਾਰਸ ਅਭਿਆਸ ਕਮਾਈ ਦੀ ਬਰਕਤ ਕਰਕੇ ਸਹਿਜ ਸੁਭਾਇ ਹੀ ਨਭ ਨਾਭ ਵਿਖੇ ਇਕ ਸਾਰ ਅੰਮ੍ਰਿਤ ਬਰਸਦਾ ਹੈ ਅਤੇ ਕੋਈ ਵਿਰਲਾ ਅਤੇ ਵਡਿਭਾਗਾ ਗੁਰਮੁਖ ਜਨ ਹੀ ਇਸ ਸਹਿਜ ਊਨਵੀ ਵਰਸਾਉ ਵਾਲੇ ਅੰਮ੍ਰਿਤ ਨੂੰ ਭੁੰਚਦਾ ਹੈ ਅਤੇ ਦਮ ਬਦੰਮ ਅੰਮ੍ਰਿਤ ਪੀ ਪੀ ਕੇ ਸਦਾ ਤ੍ਰਿਪਤਾਸਿਆ ਰਹਿੰਦਾ ਹੈ ਅਤੇ ਉਸਦੀਆਂ ਸਾਰੀਆਂ ਤ੍ਰਿਸ਼ਨਾਵਾਂ, ਬਿਖੇ-ਬਾਸ਼ਨਾਵੀ ਤ੍ਰਿਸ਼ਨਾ ਵਾਸ਼ਨਾਵਾਂ ਸਭ ਬੁਝ ਜਾਂਦੀਆਂ ਹਨ ਅਤੇ ਬੁਝੀਆਂ ਰਹਿੰਦੀਆਂ ਹਨ, ਜਿਸ ਉਤੇ ਗੁਰੂ ਦੀ ਅਪਾਰ ਕਰਪਾ ਹੁੰਦੀ ਹੈ ਓਸੇ ਗੁਰਮੁਖ ਜਨ ਨੂੰ ਇਸ ਅੰਮ੍ਰਿਤ ਰਸ ਦਾ ਗਟਾਕ ਗੁਰੂ ਪੀਆਵੰਦਾ ਹੈ। ਓਸ ਦੀ ਰਸਣਾ ਇਸ ਅੰਮ੍ਰਿਤ ਰਸ ਨੂੰ ਚਖ ਚਖ ਸਦਾ ਹਰਿ ਰੰਗ ਰੱਤੀ ਰਹਿੰਦੀ ਹੈ ਅਤੇ ਇਸ ਰੰਗ ਰਤੜੀ ਦਸ਼ਾ ਵਿਚ ਲਿਵ ਮਗਨ ਹੋਕੇ ਉਹ ਸਹਿਜ ਅਵਸਥਾ ਵਿਖੇ ਲੀਨ ਹੋਇਆ ਹਰ ਗੁਣ ਗਾਵੰਦਾ ਰਹਿੰਦਾ ਹੈ,ਇਉਂ ਉਸਦੀ ਸੁਰਤੀ ਬ੍ਰਿਤੀ ਥਿੜਕਣ ਤੇ ਡਿਗਣ ਡੋਲਣ ਤੋਂ ਥੰਮੀ ਰਹਿੰਦੀ ਹੈ, ਪਰੰਤੂ ਇਹ ਸਹਿਜ ਪਦ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ, ਅਤੇ ਜਿਸਨੂੰ ਮਿਲਦਾ ਹੈ,ਗੁਰਪ੍ਰਸਾਦੀ ਹੀ ਮਿਲਦਾ ਹੈ। ਅਰਥਾਤ ਗੁਰੂ ਘਰ ਦੇ ਅੰਮ੍ਰਿਤ ਪ੍ਰਸ਼ਾਦ ਛਾਂਦਿਆਂ ਦੀ ਦਾਤ ਪ੍ਰਾਪਤ ਹੋਣ ਪਰ ਮਿਲਦਾ ਹੈ। ਇਸ ਸਹਜੁ ਪਦੁ ਨੂੰ ਪਾ ਕੇ ਹੀ ਉਸ ਦੀ ਦੁਬਿਧਾ ਮਰਦੀ ਹੈ, ਇਕਸ ਸਿਉ ਲਿਵ ਲਾਉਣ ਕਰਕੇ। ਇਸ ਅੰਮ੍ਰਿਤ ਨਾਮ ਮਹਾਂ ਰਸ ਲਿਵਤਾਰ ਨੂੰ ਸਦਾ ਇਕ ਰਸ ਸੋਈ ਜਨ ਮਾਣਦਾ ਹੈ ਜੋ ਗੁਰਮੁਖ ਸਿਖ ਗੁਰੂ ਦੀ ਨਦਰ ਮੇਹਰ ਦਾ ਪਾਤਰ ਹੋਇਆ ਵਿਆ ਹਰਿ ਗੁਣ ਗਾਵੰਦਾ ਸਦਾ ਸਿਫਿਤ ਸਲਾਹ ਕਰਦਾ ਰਹਿੰਦਾ ਹੈ। ਅਤੇ ਇਉਂ ਨਦਰ ਪਾਤਰ ਹੋ ਕੇ ਉਸ ਦਾ ਅਮਰ ਪਦੁ ਵਿਖੇ ਹੀ ਸਮਾਉਣਾ ਹੋ ਜਾਂਦਾ ਹੈ। ਇਸ ਗੁਰੂ ਕਰਤਾਰੀ ਨਦਰ ਮੇਹਰ ਦਾ ਪਾਤਰ ਥੋਹੜਾ ਬਹੁਤਾ ਹਰ ਕੋਈ ਹੋ ਸਕਦਾ ਹੈ। ਇਸ ਨਦਰ ਮੇਹਰ ਦੇ ਸਭੇ ਸਾਂਝੀਵਾਲ ਹਨ,



www.AKJ.Org

ਕੋਈ ਭੀ ਨਦਰੋਂ ਬਾਹਰਾ ਨਹੀਂ ਪਰ ਇਸ ਨਦਰ ਮੇਹਰ ਦੀ ਸੱਚੀ ਸੋਝੀ ਗੁਰੂ ਦੁਆਰਾ ਕਿਸੇ ਗੁਰਮੁਖ ਜਨ ਨੂੰ ਹੀ ਪੈ ਸਕਦੀ ਹੈ। ਜਿਸ ਗੁਰਮੁਖ ਜਨ ਉਪਰ ਇਹ ਨਦਰ ਮੇਹਰ ਹੁੰਦੀ ਹੈ ਅਤੇ ਜਿਸ ਗੁਰਮੁਖ ਨੂੰ ਨਦਰ ਮੇਹਰ ਦੀ ਸੱਚੀ ਸੋਝੀ ਪੈਂਦੀ ਹੈ, ਓਹੀ ਗੁਰਮੁਖ ਪਿਆਰਾ ਨਾਮੁ ਅੰਮ੍ਰਿਤ ਤੱਤ ਦੀ ਤੱਤ ਅਭਿਆਸ ਕਮਾਈ ਕਰਦਾ ਹੈ, ਨਹੀਂ ਤਾਂ 'ਪਾਲਸਮੁਹਾ' ਅੰਮ੍ਰਿਤ ਸਰੋਵਰ ਭਰਿਆ ਸਦਾ ਹੀ ਆਕਾਸ਼ ਗਗਨ ਵਿਖੇ ਡਲ੍ਹ ਡਲ੍ਹ ਕਰਦਾ ਹੈ ਅਤੇ ਇਸ ਅੰਮ੍ਰਿਤ ਦੇ ਭੰਡਾਰ ਸਦਾ ਹੀ ਭਰੇ ਰਹਿੰਦੇ ਹਨ। ਪ੍ਰੰਤੂ ਸਤਿਗੁਰ ਦਾ ਨਦਰ ਪਾਤਰੀ ਸੇਵਕ ਸਿਖ ਬਣੇ ਬਿਨਾਂ ਕਿਸੇ ਨੂੰ ਇਹ ਅਮਰ ਪਦਾਰਥ ਨਹੀਂ ਪਰਾਪਤ ਹੁੰਦਾ। ਗੁਰ ਕ੍ਰਿਪਾ ਦੁਆਰਾ ਅੰਮ੍ਰਿਤ ਨਾਮ ਦੀ ਗੁਰਮੰਤ੍ਰੀ ਬੀਜ ਮਾਤਰ ਦੀ ਪ੍ਰਾਪਤੀ ਜਿਸ ਨੂੰ ਹੁੰਦੀ ਹੈ, ਓਹੀ ਗੁਰ ਨਦਰ ਪਾਤਰੀ ਜਨ ਨਾਮ ਜਪਿ ਜਪਿ ਕੇ ਅਰਥਾਤ ਨਾਮ ਅਭਿਆਸ ਕਮਾਈ ਕਰ ਕਰ ਕੇ ਹਉਮੈ ਦੀ ਪਾਲ ਵਿਚੋਂ ਦੂਰ ਕਰਦਾ ਹੈ। ਫੇਰ ਅੰਮ੍ਰਿਤ ਦੇ ਮੱਘੇ ਖੁਲ ਖੁਲ ਪੈਂਦੇ ਹਨ। ਫਿਰ ਜੋ ਨਾਮ ਭਗਤਿ ਕਮਾਈ ਰੂਪੀ ਸਤਿਗੁਰੂ ਦੀ ਸੇਵਾ ਕਰਨ ਖਿਨ ਖਿਨ ਪਲ ਪਲ ਤਤਪਰ ਰਹਿੰਦਾ ਹੈ, ਉਸ ਦੇ ਮੁਖ ਉਤੇ ਸਦਾ ਹੀ ਅੰਮ੍ਰਿਤ ਰਸ ਤੇਜਸ੍ਵੀ ਜਲਵਾ ਵਰਸਦਾ ਰਹਿੰਦਾ ਹੈ। ਅੰਮ੍ਰਿਤ ਨਾਮ ਦੇ ਜੋਤਿ ਜਲਵਨੀ ਪ੍ਰਭਾਵ ਕਰਿ ਓਹ ਘਟ ਸੋਹਨੀ ਮਨਮੋਹਨ ਬਣ ਜਾਂਦਾ ਹੈ। ਇਸ ਬਿਧ ਉਸ ਦਾ ਮਨ ਤਨ ਅੰਮ੍ਰਿਤ ਨਾਮ ਬਾਣੀ ਰਤੰਨਾਂ ਹੀ ਰਹਿੰਦਾ ਹੈ ਅਤੇ ਸਹਜ ਸੁਭਾਵ ਉਸ ਦੇ ਮੁਖ ਤੋਂ ਅੰਮ੍ਰਿਤ ਹੀ ਬਰਸਦਾ ਹੈ, ਅਤੇ ਅੰਮ੍ਰਿਤ ਹੀ ਨਿਕਸਦਾ ਹੈ। ਤਾਂਤੇ ਇਸ ਅੰਮ੍ਰਿਤ ਨਾਮ ਅਭਿਆਸ ਦੀ ਖਿਨ ਖਿਨੀ ਤਟ ਕਮਾਈ ਹੀ ਹੈ ਜੋ ਗੁਰਸਿਖਾਂ ਗੁਰਮੁਖਾਂ ਨੂੰ ਤੱਤ ਗੁਰਮਤਿ ਮਾਰਗ ਤੋਂ ਗਿਰਨ ਨਹੀਂ ਦਿੰਦੀ ਅਤੇ ਬਿਖ ਰਸਾਂ ਵਿਚ ਖੱਚਤ ਹੋਣੋ ਅਤੇ ਖੀਨ ਹੋਣੋ ਹਰਦਮ ਰੋਕਦੀ ਰਹਿੰਦੀ ਹੈ।

## ਮਨਮੁਖਤਾਈ ਦਾ ਫਲ

ਨਾਮ ਅਭਿਆਸ ਕਮਾਈ ਰੂਪੀ ਗੁਰੂ ਦੇ ਤੱਤ ਹੁਕਮ ਤੋਂ ਬੇ-ਮੁਖ ਹੋ ਕੇ ਜੋ ਸਿਖ ਭੀ ਆਪਣੇ ਮਨ ਦੇ ਮਗਰ ਲਗ ਕੇ ਚਲਦਾ ਹੈ, ਸੋਈ ਮਨਮੁਖ ਕਹਾਉਂਦਾ ਹੈ, ਮਨਮੁਖੀ ਸਿਖ ਦਾ ਗੁਰੂ ਦੇ ਹੁਕਮ ਤੋਂ ਬੇਮੁਖ ਹੋਕੇ ਚਲਣਾ ਅਤੇ ਆਪ ਦੇ ਮਨ ਦੇ ਮਗਰ ਲਗਣਾ, ਗੁਰਮਤਿ ਤੋਂ ਗਿਰਣ ਅਤੇ ਗੁਰਸਿਖੀ ਤੋਂ ਪਤਿਤ ਹੋਣ ਦਾ ਪਹਿਲਾ ਮੁਢਲਾ ਕਾਰਨ ਹੈ। ਮਨਮੁਖ ਪੁਰਸ਼ ਆਪਣੇ ਮਨ ਮਗਰ ਲਗ ਕੇ ਗੁਰਮਤ ਮਾਰਗ ਤੋਂ ਮੁਨਹਰਫ ਹੋ ਕੇ ਪਿਆ ਭੁਲਾ ਭਟਕਦਾ ਫਿਰਦਾ ਹੈ ਅਤੇ ਦੂਜੇ ਭਾਇ ਵਿਚ ਖੱਚਤ ਹੋ ਕੇ ਖੁਆਰ ਹੁੰਦਾ ਰਹਿੰਦਾ ਹੈ। ਨਾਮ ਅੰਮ੍ਰਿਤ ਦੀ ਅਮਰ ਸੁਰਜੀਤਨੀ ਕਲਾ ਤੋਂ ਘੁਥ ਕੇ ਮਿਰਤਕ ਮੜ੍ਹਾ ਸਰੀਰ ਹੋ ਜਾਂਦਾ ਹੈ। ਨਾਮ ਮਹਾਂ ਰਸ ਨੂੰ ਛਡਕੇ ਬਿਖਯਾ ਰਸਾਂ ਅੰਦਰ ਲਪਟ ਖਪਟ ਹੋ ਕੇ ਅਨਦਿਨ ਖਪ ਖਪ ਮਰਦਾ ਹੈ। ਉਸ ਦਾ ਦਿਨ ਰਾਤ ਵਿਸ਼ਟਾ ਅੰਦਰ ਹੀ ਵਾਸਾ ਰਹਿੰਦਾ ਹੈ, ਸੋ ਇਸ ਬਿਧ ਸੁਚਿਆਰ ਸਿਖ ਸੇਵਕ ਵਾਲੀ ਪਦਵੀ ਤੋਂ ਪਤਿਤ ਹੋ ਕੇ ਓਹ ਚੌਰਾਸੀ ਦੇ ਗੇੜ ਵਿਚ ਜਾ ਪੈਂਦੇ ਹਨ।

## ਜਨਮ ਅਜਾਈਂ ਕਿਵੇਂ ਜਾਂਦਾ ਹੈ?

''ਮਨਮੁਖ ਭੂਲਾ ਦੂਜੇ ਭਾਇ ਖੁਆਇ ॥
ਨਾਮ ਨ ਲੇਵੈ ਮਰੈ ਬਿਖੁ ਖਾਇ ॥
ਅਨੁਦਿਨ ਸਦਾ ਵਿਸਟਾ ਮਹਿ ਵਾਸਾ ਬਿਨ ਸੇਵਾ ਜਨਮੁ ਗਵਾਵਣਿਆ ॥''



www.AKJ.Org

ਜਿਨ੍ਹਾਂ ਨਾਮਧਰੀਕ ਸਿਖਾਂ ਦਾ ਨਾਮ ਮਾਤਰ ਅੰਮ੍ਰਿਤ ਛਕਣ ਪਿਛੋਂ ਉਪਰ ਲਿਖੇ ਗੁਰਵਾਕ ਅਨੁਸਾਰ ਸਦਾ ਹੀ ਵਿਸ਼ਟਾ ਵਿਚ ਵਾਸਾ ਰਹਿੰਦਾ ਹੈ; ਤਿਨ੍ਹਾਂ ਦਾ ਜਨਮ ਅਜਾਈਂ ਹੀ ਗਵਾਇਆ ਜਾਂਦਾ ਹੈ। ਉਨ੍ਹਾਂ ਦਾ ਇਸ ਭਰਵਾਸੇ ਰਹਿਣ—ਕਿ ਅਸਾਂ ਇਕ ਵਾਰ ਅੰਮ੍ਰਿਤ ਛਕ ਲਿਆ, ਬਹੁੜ ਨਾ ਹੀ ਨਾਮ ਅਭਿਆਸ ਦੀਆਂ ਕਮਾਈਆਂ ਕਰਨ ਦੀ ਲੋੜ ਹੈ ਤੇ ਨਾ ਹੀ ਉਹ ਪਤਤਿ ਹੋ ਸਕਦੇ ਹਨ, ਭਾਵੇਂ ਉਹ ਜੀ ਆਈਆਂ ਹਰੀਆਂ ਅੰਗੂਰੀਆਂ ਚੁਗਦੇ ਫਿਰਨ,ਰੰਚਕ ਮਾਤਰ ਵੀ ਉਹਨਾਂ ਲਈ ਸਹਾਈ ਨਹੀਂ ਹੋ ਸਕਦਾ।

ਜਿਨ੍ਹਾਂ ਵਡਭਾਗੇ ਗੁਰਸਿਖਾਂ ਨੇ ਅੰਮ੍ਰਿਤ ਛਕਕੇ ਨਾਮ ਅਭਿਆਸ ਕਮਾਈ ਰੂਪ ਤਤ ਰਹਿਤ ਰਹਿਣੀ ਭੈ ਭਾਵਨੀ ਸਹਿਤ ਰੱਖੀ ਹੈ ਤੇ ਤੋੜ ਨਿਬਾਹੀ ਹੈ, ਸੋਈ ਭੈ ਭਾਵਨੀ ਵਾਲੇ ਗੁਰ-ਜਨ ਗੁਰਸਿਖੀ ਤੋਂ ਪਤਿਤ ਹੋਣੋਂ ਬਚੇ ਰਹਿ ਸਕਦੇ ਹਨ, ਅਤੇ ਤਿਨ੍ਹਾਂ ਦਾ ਹੀ ਇਕ ਵਾਰ ਅੰਮ੍ਰਿਤ ਛਕਿਆ ਸਦਾ ਅਮਰ ਸੁਰਜੀਤਨੀ ਅਸਥਿਤਰਾ ਵਿਖੇ ਅਰੂੜ ਰਹਿੰਦਾ ਹੈ ਤੇ ਉਹ ਕਦੇ ਵੀ ਜਨਮ ਪਦਾਰਥ ਨੂੰ ਅਜਾਈਂ ਨਹੀਂ ਖੋਂਦੇ ਅਤੇ ਤਿਨ੍ਹਾਂ ਨੂੰ ਹੀ ਅੰਮ੍ਰਿਤ ਛਕਣ ਦਾ ਸੱਚਾ ਸੁਆਦ ਆਇਆ ਹੈ। ਸੋਈ ਜਨ ਅੰਮ੍ਰਿਤ ਛਕ ਕੇ ਪ੍ਰਵਾਨ ਪਏ ਹਨ।

ਯਥਾ ਗੁਰਵਾਕ:—

ਭਾਈ ਰੇ ਗੁਰਮੁਖਿ ਬੂਝੈ ਕੋਇ ॥
ਬਿਨ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥
ਜਿਨੀ ਚਾਖਿਆ ਤਿਨੀਂ ਸੁਾਦ ਆਇਆ
ਬਿਨੁ ਚਾਖੇ ਭਰਮ ਭੁਲਾਇ ॥
ਅੰਮ੍ਰਿਤ ਸਾਚਾ ਨਾਮੁ ਹੈ ਕਹਿਣਾ ਕਿਛੂ ਨ ਜਾਇ ॥
ਪੀਵਤ ਹੂੰ ਪ੍ਰਵਾਨ ਭਇਆ ਪੂਰੇ ਸਬਦਿ ਸਮਾਇ ॥ ੨ ॥
ਆਪ ਦੇਇ ਤ ਪਾਈਐ ਹੋਰ ਕਹਿਣਾ ਕਿਛੂ ਨਾ ਜਾਇ ॥
ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥
ਜਿਹਾ ਕੀਤੋਨਿ ਤਿਹਾ ਹੋਆ ਜੇਹੇ ਕਰਮ ਕਮਾਇ ॥

ਇਸ ਉਪਰਲੇ ਗੁਰਵਾਕ ਦੀ ਪਿਛਲੀ ਪੰਕਤੀ ਤੋਂ ਸਾਫ ਸਿਧਿ ਹੋਇਆ ਕਿ ਜੇਹੇ ਕੋਈ ਕਰਮ ਕਮਾਂਵਦਾ ਹੈ, ਤੇਹੋ ਜਿਹਾ ਹੀ ਓਹਨਾਂ ਕਰਮਾਂ ਦੇ ਕਰਨਹਾਰਾ ਹੋਇ ਰਹਿੰਦਾ ਹੈ। ਪਤਿਤ ਕਰਮਾਂ ਦੇ ਕਰਨਹਾਰਾ ਪਤਿਤ ਹੀ ਕਹਾਏਗਾ।

ਪਤਿਤ ਕਰਮੀ ਨੂੰ ਇਸ ਗਲ ਦਾ ਕੋਈ ਨਿਘਾਸ ਧਰਵਾਸ ਨਹੀਂ ਕਿ ਓਸ ਨੇ ਇਕ ਵਾਰ ਅੰਮ੍ਰਿਤ ਛਕਿਆ ਹੋਇਆ ਹੈ ਤੇ ਬਹੁੜ ਛਕਣ ਦੀ ਲੋੜ ਨਹੀਂ। ਪਤਿਤ ਦਸ਼ਾ ਵਿਚੋਂ ਉਭਾਰਨ ਲਈ ਜੇ ਬਹੁੜ ਅੰਮ੍ਰਿਤ ਛਕਣ ਦੀ ਲੋੜ ਨਹੀਂ ਤਾਂ ਪਹਿਲੀ ਵਾਰ ਉਸ ਨੂੰ ਅੰਮ੍ਰਿਤ ਛਕਣ ਦੀ ਕੀ ਲੋੜ ਸੀ? ਪਤਿਤ ਕਰਮਾਂ ਵਿਚ ਪਿਆ ਖੱਚਤ ਤੇ ਖੀਨ ਖਰਾਬ ਪਇਆ ਫਿਰਦਾ ਹੈ। ਅੰਮਿਰਤ ਛਕੇ ਬਾਝੋਂ ਉਹ ਕਦੇ ਵੀ ਨਿਰਮਲ ਨਹੀਂ ਹੋ ਸਕਦਾ ਅਤੇ ਅੰਮਿਰਤ ਛਕ ਕੇ ਭੀ ਅੰਮਿਰਤ ਨਾਮ ਅਭਿਆਸ ਦੀ ਕਮਾਈ ਕੀਤੇ ਬਾਝੋਂ ਉਹ ਸਦਾ ਨਿਰਮਲ ਤੇ ਪਤਿਤੋਂ ਪਵਿੱਤ੍ਰ ਨਹੀਂ ਰਹਿ ਸਕਦਾ। ਜਤੁ ਸਤੁ ਸੰਜਮ ਰੂਪੀ ਗੁਰਮਤ ਰਹਿਤ ਰਹਿਣੀ ਦੇ ਸ਼ੁਭ ਕਰਮਾਂ ਵਿਖੇ ਉਹ ਤਦ ਤਾਈਂ ਸੁਚੇਤ ਰਹਿ ਸਕਦਾ ਹੈ ਜਦ ਤਾਈਂ ਅੰਮਿਰਤ ਨਾਮ ਦੀਆਂ ਪਾਰਸ ਕਮਾਈਆਂ ਦੀ ਸਾਵਧਾਨਤਾ ਬਣੀ ਰਹਿੰਦੀ ਹੈ। ਵਾਸਤਵ ਵਿਚ ਨਾਮ ਹੀ ਜਪ ਤਪ ਸੰਜਮ ਦਾ ਤਤੁ ਆਸਰਤ ਸਰੂਪ ਹੈ। ਯਥਾ ਗੁਰਵਾਕ:—

"ਜਤੁ ਸਤੁ ਸੰਜਮ ਨਾਮੁ ਹੈ ਵਿਣੁ ਨਾਵੈ ਨਿਰਮਲ ਨ ਹੋਇ।"

ਜਿਨ੍ਹਾਂ ਸਿਖ ਜਗਿਆਸੂਆਂ ਦੇ ਰਿਦੇ ਭੂਮਕਾ ਅੰਦਰ ਅੰਮਿਰਤ ਬੀਜ ਬੋਇਆ ਗਿਆ ਹੈ, ਫਿਰ



www.AKJ.Org

ਉਸ ਅੰਮਿਰਤ ਬੀਜ ਦੀ ਅੰਮਿਰਤ ਨਾਮ ਅਭਿਆਸ ਕਮਾਈਆਂ ਰੂਪੀ ਪਾਲਣਾ ਪੋਸਣਾ ਕੀਤੀ ਹੈ, ਤਿਨ੍ਹਾਂ ਗੁਰਮੁਖਾਂ ਦੀ ਰਿਦੇ ਭੂਮਕਾ ਅੰਦਰ ਹੀ ਅੰਮਿਰਤ ਬੀਜ ਜਮਕੇ ਫਲਿਆ ਫੁਲਿਆ ਹੈ।

ਯਥਾ ਗੁਰਵਾਕ:—

"ਗੁਰਮੁਖ ਬੀਜੈ ਸਚੁ ਜੰਮੈ ਸਚੁ ਨਾਮੁ ਵਪਾਰੁ।"

"ਗੁਰਸਿਖ ਅੰਮ੍ਰਿਤਧਾਰੀ ਸੁਕ੍ਰਿਤ ਕਰਨੀ ਰੂਪੀ ਕਰਾਰੀ ਕਾਰ ਕਰਨਹਾਰਾ ਗੁਰਮੁਖ ਅਭਿਆਸੀ ਜਨ ਕਦੇ ਪਤਿਤ ਕਰਮਾਂ ਵਿਖੇ ਪਰਵਿਰਤ ਹੋ ਹੀ ਨਹੀਂ ਸਕਦਾ। ਸਗੋਂ ਓਸ ਦੇ ਇਸ ਸੁਕ੍ਰਿਤ ਕਰਨੀ ਰੂਪੀ ਗੁਣਾਂ ਦਾ ਧਾਰਨੀ ਹੋਣ ਕਰਕੇ ਉਸ ਦੇ ਅੰਦਰੋਂ ਸਨੇ ਸਨੇ ਸਾਰੇ ਅਵਗੁਣਾਂ ਦਾ ਬਿਨਾਸ ਹੋ ਜਾਂਦਾ ਹੈ।

"ਗੁਣ ਸੰਗ੍ਰਹੁ ਵਿਚਹੁ ਅਵਗਣ ਜਾਹਿ॥

ਨਾਮ ਜਪਣ ਕਰਕੇ ਅਵਗੁਣ ਕਰਨ ਦਾ ਅਹਿਸਾਸ ਵੀ ਨਹੀਂ ਫੁਰ ਸਕਦਾ ਅਤੇ ਹਉਮੈ ਮਾਇਆ ਬਿਖ ਦੂਰ ਹੁੰਦੀ ਹੈ ਤਾਂ ਅੰਮ੍ਰਿਤ ਨਾਮ ਦੀ ਕਮਾਈ ਦੀ ਪਾਰਸ ਕਲਾ ਦੁਆਰਾ ਉਹ ਮਨੂਰੋਂ ਕੰਚਨ ਸੁਕਿਓਂ ਹਰਾ ਹੋ ਜਾਂਦਾ ਹੈ।

ਯਥਾ—

"ਅੰਮ੍ਰਿਤ ਹਰਿ ਹਰਿ ਨਾਮ ਹੈ ਮੇਰੀ ਜਿੰਦੜੀਏ ਅੰਮ੍ਰਿਤ ਗੁਰਮਤਿ ਪਾਏ ਰਾਮ॥ ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੜੀਏ ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ॥ ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੜੀਏ ਹਰਿ ਹਰਿ ਨਾਮੁ ਧਿਆਏ ਰਾਮ॥"

ਸਚੇ ਭਾਂਡੇ ਹੀ ਸਤਿਗੁਰਾਂ ਨੂੰ ਭਾਂਵਦੇ ਹਨ ਤੇ ਉਹ ਪਵਿੱਤ੍ਰ ਕਹਾਂਵਦੇ ਹਨ, ਮੈਲੇ ਭਾਂਡੇ ਆਪੋਂ ਧੋਤੇ ਕਦੇ ਹਛੇ ਨਹੀਂ ਹੋ ਸਕਦੇ, ਉਹ ਤਾਂ ਸਦਾ ਮਲੀਨ ਹੀ ਰਹਿੰਦੇ ਹਨ, ਮਲੀਨੋ ਨਿਰਮਲ ਜੇ ਹੋਇ ਆਂਵਦੇ ਹਨ ਤਾਂ ਬਹੁੜ ਗੁਰੂ ਦੁਆਰੇ ਹੀ ਹੋਇ ਆਂਵਦੇ ਹਨ ਤੇ ਪੂਰਨ ਪ੍ਰਾਸਚਿਤ ਪਸਚਾਤਾਪ ਕਰਨਿ ਕਰ ਤੇ ਬਹੁੜ ਅੰਮ੍ਰਿਤ ਛਕਣ ਕਰ ਹੀ ਸੁਧ ਹੋਇ ਸਕਦੇ ਹਨ। ਯਥਾ ਗੁਰਵਾਕ:—

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥
ਭਾਂਡਾ ਅਤ ਮਲੀਨ ਧੋਤਾ ਹਛਾ ਨ ਹੋਇਸੀ॥

ਗੁਰੂ ਦੁਆਰੈ ਹੋਇ ਸੋਝੀ ਪਾਇਸੀ, ਏਤ ਦੁਆਰੈ ਧੋਇ ਹਛਾ ਹੋਇਸੀ ਮੈਲੇ ਹਛੇ ਕਾ ਵੀਚਾਰ ਆਪ ਵਰਤਾਇਸੀ, ਮਤ ਕੋ ਜਾਣੈ ਜਾਇ ਅਗੈ ਪਾਇਸੀ॥ ਜੇਹੇ ਕਰਮ ਕਮਾਇ ਤੇਹਾ ਹੋਇਸੀ, ਅੰਮ੍ਰਿਤ ਹਰਿ ਕਾ ਨਾਉ ਆਪ ਵਰਤਾਇਸੀ॥ ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ॥ ਮਾਣਸ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ॥ ਨਾਨਕ ਆਪ ਨਿਹਾਲ ਸਭ ਕੁਲ ਤਾਰਸੀ॥

ਮਨਮੁਖੀ ਪੁਰਸ਼ਾਂ ਦੀਆਂ ਮੈਲੀਆਂ ਤੇ ਹੋਛੀਆਂ ਵਿਚਾਰਾਂ ਮੈਲਿਓਂ ਹਛੇ ਤੇ ਹਛਿਓਂ ਕਦੇ ਨ ਮੈਲੇ ਹੋਣ ਵਾਲੇ ਮਸਲੇ ਉਤੇ ਤੱਤ ਵਿਚਾਰ ਰੂਪੀ ਛਾਨ ਬੀਨ ਕਦਾਚਿਤ ਨਹੀਂ ਕਰ ਸਕਦੀਆਂ। ਗੁਰੂ ਕਰਤਾਰ ਹੀ ਏਹ ਮੈਲੇ ਹਛੇ ਕਾ ਵੀਚਾਰੁ ਆਪਣੀ ਕਲਾ ਅਨੁਸਾਰ ਵਰਤਾਇ ਸਕਦਾ ਹੈ। ਬਸ ਜਿਥੇ ਨਾਮ ਦੀ ਕਲਾ ਵਰਤਦੀ ਹੈ, ਉਹ ਭਾਂਡੇ ਮੈਲਿਉਂ ਉਜਲ ਹੋ ਜਾਂਦੇ ਹਨ। ਨਾਮ ਦੀ ਕਲਾ ਤੋਂ ਸੱਖਣੇ ਭਾਂਡੇ ਅੱਤ ਮਲੀਨ ਹੋਇ ਰਹਿੰਦੇ ਹਨ। ਸਦਾ ਮਲ ਰਹਿਤ ਭਾਂਡੇ ਤਿਨਾਂ ਭਗਤ ਜਨਾਂ ਗੁਰਮੁਖ ਸਿਖਾਂ ਦੇ ਹੀ ਰਹਿੰਦੇ ਹਨ ਜੋ ਨਾਮ ਅਭਿਆਸ ਰੂਪੀ ਭਗਤੀ ਭਾਵ ਵਾਲੇ ਸੁਖ ਧਾਮ ਵਿਖੇ ਹੀ ਸਦਾ ਆਪਣਾ ਬਿਸ੍ਰਾਮ ਰਖਦੇ ਹਨ। ਭਗਤ ਵਛਲ ਸੁਆਮੀ ਅਕਾਲ ਪੁਰਖ ਅੰਤਰਜਾਮੀ ਦੇ ਸੁੰਦਰ ਸਰੂਪ ਦੇ ਸਾਕਸ਼ਾਤ ਕਾਰਕ ਧਾਮ ਵਿਖੇ ਬਿਸਰਾਮ ਪ੍ਰਾਪਤ ਹੋਣਾ ਤਾਂ ਭਗਤ ਜਨਾਂ ਦਾ ਤੱਤ ਆਦਰਸ਼ੀ ਨਿਸ਼ਾਨਾ ਹੁੰਦਾ ਹੈ। ਇਸ ਧਾਮ ਦੀ ਪ੍ਰਾਪਤੀ ਹਿਤ ਆਸਾ ਲਗਿ ਜੀਵਨਾ ਭੀ *

( ਬਾਕੀ ਦੇਖੋ ਸਫਾ ੧੧ ਤੇ )



www.AKJ.Org

# ਖਾਲਸਾ ਸੋਇ ਕਰੈ ਨਿਤ ਜੰਗ

(ਭਾਈ ਮਨਮੋਹਨ ਸਿੰਘ ਜੀ M. Sc. ਜੈਪੁਰ)

ਜਦੋਂ ਵੀ ਕਿਤੇ ਸਿੰਘਾਂ ਦੇ ਜੋਸ਼ੀਲੇ ਜਾਂ ਲੜਾਕੇ ਪਨ ਦੀ ਗਲ ਹੋਵੇ ਤਾਂ ਰਹਿਤਨਾਮਿਆਂ ਵਿਚੋਂ ਇਹ ਤੁਕਾਂ ਆਮ ਵਰਤੀਆਂ ਜਾਂਦੀਆਂ ਹਨ:—

ਖਾਲਸਾ ਸੋਇ ਜੁ ਚੜੈ ਤੁਰੰਗ ।
ਖਾਲਸਾ ਸੋਇ ਕਰੈ ਨਿਤ ਜੰਗ ।
(ਰਹਿਤਨਾਮ ਭਾਈ ਨੰਦ ਲਾਲ ਸਿੰਘ ਜੀ)

ਖਾਲਸਾ ਉਹ ਹੈ ਜੋ ਸਦਾ ਘੋੜ ਸਵਾਰ ਰਹੇ ਭਾਵ ਤਿਆਰ ਬਰ ਤਿਆਰ ਰਹੇ । ਖਾਲਸਾ ਉਹ ਜੋ ਸਦਾ ਹੀ ਲੜਦਾ ਰਹੇ । ਕੀ ਇਹ ਅਜੀਬ ਗਲ ਨਹੀਂ ? ਕੀ ਖਾਲਸੇ ਨੂੰ ਸਿਰਫ਼ ਘੋੜ ਸਵਾਰੀ ਲਈ ਤੇ ਜੰਗ ਕਰਨ ਲਈ ਹੀ ਥਾਪਿਆ ਗਿਆ ਹੈ ? ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਖਾਸ ਰੂਪ' ਖਾਲਸਾ ਸਦਾ ਲੜਨ ਭਿੜਨ ਲਈ ਸਾਜਿਆ ਗਿਆ ਹੈ ? ਖਾਸ ਤੌਰ ਤੇ ਆਨ ਮੱਤਾਂ ਵਾਲੇ ਇਨ੍ਹਾਂ ਤੁਕਾਂ ਦੀ ਓਟ ਲੈਕੇ ਖਾਲਸਾ ਪੰਥ ਨਾਲ ਇਕ ਤਰਾਂ ਦੀ ਟਿਚਕਰ ਕਰਦੇ ਹਨ । ਅਤੇ ਸਾਡੇ ਕੋਲੋਂ ਕਈ ਵਾਰੀ ਯੋਗ ਉਤਰ ਵੀ ਨਹੀਂ ਦੇ ਹੁੰਦਾ ।

ਆਉ ਜ਼ਰਾ ਵੀਚਾਰੀਏ ਕਿ ਰਹਿਤਨਾਮੇ ਵਿਚ ਇਸ ਹੁਕਮ ਦਾ ਤੱਤ ਭਾਵ ਕੀ ਹੈ ? ਚੰਡ

---

* ਭਗਤ ਜਨਾਂ ਨੂੰ ਸੰਸਾਰੀ ਬਿਖੇ ਰਸਾਂ ਵਿਖੇ ਖੱਚਤ ਹੋਣ ਤੋਂ ਉਪ੍ਰਾਮ ਰਖਦਾ ਹੈ । ਏਸੇ ਭਾਉ ਭਗਤੀ ਵਿਚ ਉਹ ਮਨ-ਤਨ ਕਰਕੇ ਸਦਾ ਹੀ ਗ਼ਲਤਾਨ ਰਹਿੰਦੇ ਹਨ ਅਤੇ ਸੁਆਸਿ ਸੁਆਸਿ ਨਾਮ ਅਭਿਆਸ ਰੂਪੀ ਅੰਮ੍ਰਿਤ ਪੀਵੰਦੇ ਹਨ ਅਤੇ ਇਸ ਬਿਧਿ ਦੰਮ ਬਦਮ ਅੰਮ੍ਰਿਤ ਪਿਆਲ ਪੀ ਪੀਕੇ ਸਦਾ ਸਦਾ ਅੰਮ੍ਰਿਤ ਕਲਾ ਅੰਦਰਿ ਅਸਥਿਰ ਥੀਵੰਦੇ ਹਨ । ਤਿਨਾਂ ਕੇਵਲ ਤਿਨਾਂ ਨਾਮ ਮਹਾਂ ਰਸ ਦੇ ਰਸੀਆਂ ਨੇ ਹੀ ਬਿਖੇ ਰਸਾਂ ਨੂੰ ਮਨ ਬਚ ਕਰਮ ਕਰਕੇ ਫਿੱਕਾ ਜਾਣਿਆ ਹੈ ਅਤੇ ਫਿੱਕਾ ਜਾਣ ਕੇ ਹੀ ਤਿਨਾਂ ਦਾ ਤਿਆਗਨ ਕੀਤਾ ਹੈ । ਉਹ ਕਦੇ ਵੀ ਬਿਖੇ ਰਸ਼ਾਂ ਵਿਖੇ ਲਿਪਾਇਮਾਨ ਨਹੀਂ ਹੋ ਸਕਦੇ । ਉਹ ਹਰਦੰਮ ਮਗਨਾਨੰਦ ਰਹਿੰਦੇ ਹੋਏ ਨਾਮ ਰਤਨ ਨੂੰ ਮਨ ਅੰਦਰ ਸੀਵੀਂ ਪ੍ਰੋਈ ਰਖਦੇ ਹਨ, ਉਹਨਾਂ ਨੂੰ ਬਿਖੇ ਰਸਾਂ ਵਲ ਰੁਚੀ ਕਰਨ ਦਾ ਵੇਹਲ ਹੀ ਨਹੀਂ ਮਿਲਦਾ । ਪ੍ਰਾਨ ਪਿਆਰਾ ਪ੍ਰਾਨ ਅਧਾਰਾ ਅਮੀ ਰਸ ਰੀਸਾਲੂ ਨਾਮ ਉਹਨਾਂ ਨੂੰ ਇਕ ਤਿਲ ਮਾਤਰ ਭੀ ਵਿਹਲ ਨਹੀਂ ਹੋਣ ਦਿੰਦਾ, ਉਹਨਾਂ ਦਾ ਜੀਵਨ ਆਧਾਰ ਹੀ ਨਾਮ ਅਭਿਆਸ ਹੋ ਜਾਂਦਾ ਹੈ ਤਾਂ ਤੇ ਉਹ ਸਦਾ ਨਾਮ ਜਪਕੇ ਹੀ ਜੀਵੰਦੇ ਹਨ ।

(ਚਲਦਾ)



www.AKJ.Org

ਚਰਿਤਰ ਵਿਚ ਦਸਮ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:—

ਖੰਡਾ ਪ੍ਰਿਥਮੈ ਸਾਜ ਕੈ ਸਭ ਸੈਸਾਰ ਉਪਾਇਆ।''

ਕੀ ਸਿਰਜਨ ਹਾਰ, ਕਰਤਾ ਪੁਰਖ ਨੇ ਸ੍ਰਿਸ਼ਟੀ ਰਚਨ ਲਗਿਆਂ ਜੋ ਪਹਿਲੀ ਘਾੜਤ ਘੜੀ ਉਹ ਇਹੀ ਦੁਧਾਰਾ ਖੰਡਾ ਸੀ ਜੋ ਜੰਗ ਵਿਚ ਵਰਤਿਆ ਜਾਂਦਾ ਹੈ ਜਾਂ ਜਿਸਦੀ ਵਰਤੋਂ 'ਪਾਹੁਲ ਖੰਡੇਧਾਰ' ਬਨਾਉਣ ਸਮੇਂ ਕੀਤੀ ਜਾਂਦੀ ਹੈ। ਇਹ ਤਾਂ ਲੋਹੇ ਦੀ ਇਕ ਸਥੂਲ ਬਣਤਰ ਹੈ ਜੋ ਕਾਫ਼ੀ ਚਿਰ ਪਿਛੋਂ ਵਜੂਦ ਵਿਚ ਆਈ ਅਤੇ ਇਸ ਨੂੰ ਬਨਾਉਣ ਵਿਚ ਮਨੁਖੀ ਹਥ ਹੈ, ਤਾਂ ਫ਼ਿਰ ਉਹ ਕੇਹੜਾ ਖੰਡਾ ਸੀ ਜੋ ਪਹਿਲਾਂ, ਸ੍ਰਿਸ਼ਟੀ ਦੇ ਆਦਿ ਵਿਚ ਕਰਤੇ ਨੇ ਘੜਿਆ।

ਏਸੇ ਤਰਾਂ 'ਅਕਾਲ ਉਸਤਤ' ਦੇ ਅਰੰਭ ਵਿਚ ਜੋ ਮੰਗਲਾਚਰਨ ਦਸਮ ਪਾਤਸ਼ਾਹ ਜੀ ਨੇ ਆਪਣੇ ਹਸਤ ਕਮਲਾਂ ਨਾਲ ਲਿਖਿਆ (ਉਤਾਰ ਖਾਸੇ ਦਸਖਤ ਕਾ ਪਾ: ੧੦) ਉਹ ਤਿਸਤਰਾਂ ਹੈ:—

ਅਕਾਲ ਪੁਰਖ ਕੀ ਰਛਾ ਹਮਨੈ॥
ਸਰਬਲੋਹ ਦੀ ਰਛਿਆ ਹਮ ਨੈ॥
ਸਰਬ ਕਾਲ ਜੀ ਦੀ ਰਛਿਆ ਹਮ ਨੈ॥
ਸਰਬਲੋਹ ਜੀ ਦੀ ਰਛਿਆ ਹਮ ਨੈ॥
(ਅਕਾਲ ਉਸਤਤ)

ਸੋ ਇਥੇ ਆਪਨੇ ਇਸ਼ਟ ਅਕਾਲ ਪੁਰਖ ਦੀ ਰਛਿਆ ਮੰਗ ਕੇ ਫ਼ਿਰ ਉਸੇ ਅਕਾਲ ਪੁਰਖ ਨੂੰ ਸਰਬਲੋਹ ਨਾਲ ਸੰਬੋਧਨ ਕਰਕੇ, ਰਛਿਆ ਮੰਗਦੇ ਹਨ। ਸਰਬਲੋਹ ਤੋਂ ਵੀ ਕਰਤਾ ਪੁਰਖ ਵਲ ਹੀ ਸੰਕੇਤ ਹੈ। ਇਸੇ ਤਰਾਂ ਇਥੇ ਖੰਡਾ ਵੀ ਕਿਸੇ ਹੋਰ ਰਚਨਾ ਦਾ ਸੂਚਕ ਹੈ, ਸੋ ਉਹ ਕੀ ਰਚਨਾ ਸੀ ਜੋ ਕਰਤਾ ਪੁਰਖ ਨੇ ਪਹਿਲੇ ਰਚੀ ?

ਇਸ ਦਾ ਉਤਰ ਸ੍ਰੀ ਜਪੁਜੀ ਸਾਹਿਬ ਵਿਚੋਂ ਹੇਠਲੀਆਂ ਤੁਕਾਂ ਦੇ ਦੇਂਦੀਆਂ ਹਨ—

ਕੀਤਾ ਪਸਾਉ ਏਕੋ ਕਵਾਉ''
ਤਿਸ ਤੇ ਹੋਇ ਲਖ ਦਰਿਆਉ॥

ਸ੍ਰਿਸ਼ਟੀ ਦੀ ਹੋਂਦ ਤੋਂ ਪਹਿਲਾਂ ਕੇਵਲ ਕਰਤਾ ਪੁਰਖ ਆਪ ਹੀ ਸੀ। ਉਹੋ ਸੀ 'ਆਦਿ ਸਚੁ'। ਉਸਦਾ ਕੋਈ ਨਾਮ ਨਹੀਂ ਸੀ। ਬੱਸ ਆਪ ਹੀ ਆਪ ਸੀ। 'ਨਾਮ' ਤਾਂ ਹੁੰਦਾ ਜੇ ਕੋਈ ਹੋਰ ਉਸ ਨਾਮ ਨੂੰ ਸੁਨਣ ਜਾਂ ਕਥਨ ਵਾਲਾ ਹੋਂਦਾ। ਜਦੋਂ ਉਹ ਹੈ ਹੀ ਆਪ ਹੀ ਆਪ ਸੀ ਤਾਂ ਉਸ ਦਾ ਨਾਮ ਕਿਵੇਂ ਹੁੰਦਾ। ਉਸਦਾ ਆਪਣਾ ਤਾਂ ਨਾ ਚਕ੍ਰ ਹੈ, ਨਾ ਚਿਹਨ ਹੈ, ਨਾ ਰੂਪ ਹੈ, ਨ ਰੰਗ ਹੈ। ਉਹ ਤਾਂ ਅਚਲ ਮੂਰਤ ਹੈ। ਉਸਦੇ ਰੇਖ ਭੇਖ ਨੂੰ ਕੋਈ ਵਰਨਣ ਨਹੀਂ ਕਰ ਸਕਦਾ। ਇਸੇ ਲਈ ਉਸਦਾ ਕੋਈ "ਨਾਮ" ਨਹੀਂ ਸੀ। ਇਸੇ ਲਈ ਦਸ਼ਮੇਸ਼ ਜੀ ਉਸ "ਅਰੂਪ" ਨੂੰ ਹੀ ਨਮਸਕਾਰ ਕਰਦੇ ਹਨ—

ਨਮਸਤਵੰ ਅਰੂਪੇ॥

ਅਕਾਲ ਉਸਤਤ ਦੇ ਅਰੰਭ ਵਿਚ ਇਸੇ ਲਈ ਉਹ ਲਿਖਦੇ ਹਨ—

ਪ੍ਰਣਵੋ ਆਦਿ ਏਕੰਕਾਰਾ॥
ਜਲ ਥਲ ਮਹੀਅਲ ਕੀਓ ਪਸਾਰਾ॥
ਆਦਿ ਪੁਰਖ ਅਬਗਤ ਅਬਨਾਸੀ॥
ਲੋਕ ਚਤ੍ਰ ਦਸ ਜੋਤਿ ਪ੍ਰਕਾਸੀ॥ ੧॥

ਸਾਰੀ ਰਚਨਾ ਦਾ ਆਦਿ ਉਹ ਏਕੰਕਾਰ-ਅਕਾਲ ਪੁਰਖ ਹੀ ਹੈ। ਉਸਨੇ ਆਪਣੀ ਮੌਜ ਵਿਚ ਆਕੇ 'ਏਕੋ ਕਵਾਉ' ਦੇ ਜ਼ਿਰੀਏ ਸ੍ਰਿਸ਼ਟੀ—ਜਲ ਥਲ ਮਹੀਅਲ ਦਾ ਪਸਾਰਾ ਕੀਤਾ। ਉਹ ਅਬਗਤ (ਅਰੂਪ-ਦੇਹ ਰਹਿਤ) ਹੈ ਤੇ ਉਸੇ ਤੋਂ ਸਾਰੀ ਸ੍ਰਿਸ਼ਟੀ ਦੀ ਸ਼ਕਤੀ ਤੇ ਸੱਤਾ ਕਾਇਮ ਹੈ।



www.AKJ.Org

ਸੋ ਸ੍ਰਿਸ਼ਟੀ ਰਚਨਾਂ ਤੋਂ ਪਹਿਲੇ ਉਹ ਆਪ ਹੀ ਆਪ, ਨਿਰਗੁਣ ਸਰੂਪ ਵਿਚ ਸੀ। ਫਿਰ ਉਸ ਕਰਤਾ ਪੁਰਖ, ਸਰਬਕਲਾ ਸਰਮਰਥ ਸ਼ਕਤੀ ਨੇ "ਕੀਤਾ ਪਸਾਉ ਏਕੋ ਕਵਾਉ'—ਇਕ ਬਚਨ ਜਾਂ ਸ਼ਬਦ ਦਾ ਉਚਾਰਨ ਕਰਕੇ ਸ੍ਰਿਸ਼ਟੀ ਦਾ ਪਸਾਰਾ ਰਚਿਆ ਭਾਵ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲੇ ਕਰਤੇ ਨੇ ਇਹ ਜ਼ਰੂਰੀ ਸਮਝਿਆ ਕਿ ਉਹ ਆਪਣਾ ਨਿਜ ਪੂਰਬਲਾ ਨਾਮ ਪ੍ਰਗਟ ਕਰੇ ਜਿਸਦੇ ਜ਼ਰੀਏ ਸ੍ਰਿਸ਼ਟੀ ਦੀ ਰਚਨਾ ਕਰਨੀ ਸੀ, ਅਤੇ ਜਿਸਦੇ ਜ਼ਰੀਏ ਹੀ ਇਹ ਰਚੀ ਸ੍ਰਿਸ਼ਟੀ ਨੇ ਫਿਰ ਆਪਣੇ ਮੂਲ ਕਰਤੇ ਵਿਚ ਲੀਨ ਹੋਣਾ ਸੀ। ਇਹ ਸੀ "ਏਕੋ ਕਵਾਊ" ਜੋ ਸ੍ਰਿਸ਼ਟੀ ਬਨਾਣ ਸਮੇ ਅਕਾਲ ਪੁਰਖ ਨੇ ਰਚਿਆ ਅਤੇ ਫਿਰ ਉਸ "ਕਵਾਉ" ਜਾਂ 'ਸ਼ਬਦ' ਜਾਂ ਨਾਮ' ਤੋਂ ਸਾਰੀ ਸ੍ਰਿਸ਼ਟੀ ਪੈਦਾ ਹੋਈ। ਆਪਣੀ ਅਮਿਣਵੀਂ ਜੋਤ ਸ਼ਕਤੀ ਵਿਚੋਂ ਕਿਣਕਾ ਕੁ ਸ਼ਕਤੀ ਸਾਰੀ ਸ੍ਰਿਸ਼ਟੀ ਵਿਚ ਭਰੀ। ਏਸ ਤਰਾਂ ਜੋ ਸਾਰੀ ਰਚਨਾ ਰਚੀ ਗਈ, ਉਸ ਦੀ ਸਾਰੀ ਸੱਤਾ ਦਾ ਮੰਮਬਾ ਜਾ ਮੂਲ (source) ਉਹ ਆਪ ਹੀ ਸੀ ਪਰ ਸੀ ਉਸ ਸ਼ਬਦ ਦੇ ਰੂਪ ਵਿਚ ਜੋ ਉਨਾਂ ਨੇ ਏਸ ਤਰਾਂ ਪ੍ਰਗਟ ਕੀਤਾ।

ਇਸ ਗਲ ਵਿਚਾਰਨ ਤੋਂ 'ਖੰਡਾ ਪ੍ਰਿਥਮੈ ਸਾਜ ਕੈ ਸਭ ਸੈਸਾਰ ਉਪਾਇਆ' ਮਹਾਂਵਾਕ ਦੀ ਸੋਝੀ ਆ ਜਾਂਦੀ ਹੈ। ਦਸ਼ਮੇਸ਼ ਪਿਤਾ ਜੀ ਇਥੇ ਖੰਡੇ ਤੋਂ ਉਸੇ ਤਰਾਂ ਉਸ ਸ਼ਬਦ ਵਲ ਸੰਕੇਤ ਕਰਦੇ ਹਨ ਜਿਸਤਰਾਂ 'ਪ੍ਰਿਥਮ ਭਗਉਤੀ ਸਿਮਰ ਕੈ" ਵਿਚ ਉਹ ਭਗਉਤੀ ਸ਼ਬਦ ਦੀ ਵਰਤੋਂ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਕਰਦੇ ਹਨ। ਫੇਰ ਕਰਤੇ ਨੂੰ ਸਰਬਲੋਹ ਦੇ ਨਾਮ ਨਾਲ ਵੀ ਸੰਬੋਧਨ ਕਰਦੇ ਹਨ। ਖੰਡਾ ਵੀ ਸਰਬਲੋਹ ਦਾ ਹੀ ਹੁੰਦਾ ਹੈ। ਸੋ ਇਹ ਸੀ 'ਨਾਮ' ਰੂਪੀ ਸਰਬਲੋਹੀ (ਭਾਵ ਸ਼ਕਤੀਮਾਨ) ਖੰਡਾ ਜੋ ਕਰਤਾ ਪੁਰਖ ਨੇ ਸ੍ਰਿਸ਼ਟੀ ਰਚਨਾ ਦੇ ਅਰੰਭ ਵਿਚ ਰਚਿਆ।

ਦਸ਼ਮੇਸ਼ ਜੀ ਨੇ ਸੰਤਾਂ ਨੂੰ ਸਿਪਾਹੀ ਬਨਾਉਣਾ ਸੀ। ਭਗਤੀ ਤੇ ਸ਼ਕਤੀ ਦਾ ਸੰਗਮ ਕਰਨਾ ਸੀ। ਉਸ ਸ਼ਸਤ੍ਰਾਂ ਨੂੰ ਬਹੁਤ ਪਿਆਰ ਕਰਦੇ ਸਨ। ਸ਼ਸਤਰਾਂ ਨੂੰ ਆਪਣਾ ਪੀਰ ਕਹਿਕੇ ਨਿਵਾਜਿਆ ਹੈ ਕਿਉਂਕਿ ਸ਼ਸਤਰ ਸ਼ਕਤੀ ਦਾ ਸੰਕੇਤ ਹਨ। ਜਦ ਇਸ ਸ਼ਕਤੀ (ਸਰਬਲੋਹੀ ਭਗਉਤੀ ਜਾਂ ਖੰਡੇ) ਦਾ ਮੇਲ ਈਸ਼ਵਰ ਭਗਤੀ ਨਾਲ ਹੋ ਜਾਵੇ ਤਾਂ ਇਹੋ ਸ਼ਸਤਰ ਪੂਜਨ ਯੋਗ ਹੋ ਜਾਂਦੇ ਹਨ। ਇਸੇ ਲਈ ਸਚੇ ਪਾਤਸ਼ਾਹ ਨੇ ਨਾ ਸਿਰਫ ਸ਼ਸਤਰਾਂ ਨੂੰ ਪੀਰ ਹੀ ਕਿਹਾ ਹੈ ਬਲਕਿ 'ਸਰਬਲੋਹ ਕੀ ਰਛਾ ਹਮਨੈ' ਕਹਿਕੇ ਅਕਾਲਪੁਰਖ ਨੂੰ ਵੀ ਸ਼ਸਤਰਾਂ ਦੇ ਨਾਮ ਨਾਲ ਸੰਬੋਧਨ ਕਰਕੇ ਅਰਾਧਨਾ ਕੀਤੀ ਹੈ। ਸੋ ਸਪਸ਼ਟ ਹੋਇਆ ਕਿ ਸ੍ਰਿਸ਼ਟੀ ਸਾਜਨ ਸਮੇਂ ਕੋਈ ਦੋ ਧਾਰਾ ਸਰਬਲੋਹ ਦਾ ਖੰਡਾ ਪਹਿਲੇ ਨਹੀਂ ਸੀ ਬਣਾਇਆ ਬਲਕਿ ਉਹ ਸੀ ਉਸਦੇ ਨਿਜੀ ਨਾਮ ਦਾ ਪ੍ਰਗਟਾ ਤੇ ਪ੍ਰਕਾਸ਼ ਅਤੇ ਫੇਰ ਉਸੇ ਨਾਮ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ। ਸੋ ਇਹ 'ਖੰਡਾ' ਸ਼ਬਦ ਉਸੇ 'ਨਾਮ' ਨੂੰ ਹੀ ਮੁਖ ਰਖਕੇ ਵਰਤਿਆ ਗਿਆ ਭਾਸਦਾ ਹੈ।

ਭਾਵੇਂ ਕਰਤੇ ਨੇ ਆਪਣਾ ਪਰਾ ਪੂਰਬਲਾ ਨਾਮ ਉਦੋਂ ਸੁਯੰ ਹੀ ਰਚ ਦਿਤਾ ਪਰ ਇਸ ਨੂੰ ਆਮ ਸ੍ਰਿਸ਼ਟੀ ਤੋਂ ਗੁਪਤ ਹੀ ਰਖਿਆ। ਇਸ ਦਾ ਸਿੱਟਾ ਇਹ ਹੋਇਆ ਕਿ ਸ੍ਰਿਸ਼ਟੀ ਤੇ ਪੈਦਾ ਹੋਈ ਰਚਨਾ ਆਪੋ ਆਪਣੀ ਬੁਧੀ ਅਨੁਸਾਰ ਕਰਤਾਰ



www.AKJ.Org

ਦੇ ਨਾਮ ਰਖਣ ਲਗ ਪਈ ਜਿਨ੍ਹਾਂ ਨੂੰ ਗੁਰਬਾਣੀ ਵਿਖੇ 'ਕਿਰਤਮ ਨਾਮ' ਕਿਹਾ ਗਿਆ ਹੈ। ਉਹ ਪ੍ਰਿਥਮ "ਨਾਮ" ਜਿਸ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ, ਉਹ ਗੁਪਤ ਹੀ ਰਿਹਾ।

ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਰੂਪ ਵਿਚ "ਆਪ ਨਰਾਇਣ ਕਲਾ ਧਾਰ ਜਗ ਮਹਿ ਪਰਵਰਿਉ" ਤਾਂ ਉਨ੍ਹਾਂ ਤੇ ਕਰਤੇ ਨੇ ਇਸ ਪ੍ਰਿਥਮ ਨਾਮ ਦਾ ਖੁਲੇ ਤੇ ਸਪਸ਼ਟ ਅਖਰਾਂ ਵਿਚ ਪ੍ਰਗਟਾ ਕੀਤਾ ਤੇ ਹੁਕਮ ਕੀਤਾ ਕਿ ਇਸ "ਨਾਮ" ਨਾਲ ਹੀ ਸ੍ਰਿਸ਼ਟੀ, ਕਰਤਾ ਪੁਰਖ ਤੋਂ ਭਿੰਨ ਹਸਤੀ ਬਣੀ ਹੈ ਤੇ ਇਸੇ ਨਾਲ ਉਸ ਨੇ ਕਰਤਾ ਪੁਰਖ ਵਿਚ ਫਿਰ ਲੀਣ ਹੋਣਾ ਹੈ—

ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਉ ॥

ਇਸ ਇਕੋ ਇਕ ਹੁਕਮ ਦੇ ਪ੍ਰਚਾਰ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਰੂਪ ਧਾਰੇ ਤੇ ਫਿਰ ਜੁਗੋ ਜੁਗ ਅਟਲ ਗੁਰੂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਖਾਲਸਾ ਪੰਥ ਦੇ ਹਿਸੇ ਇਹ ਸੇਵਾ ਆਈ। ਇਸ ਨਾਮ ਨੂੰ ਜੁਗਾਂ ਜੁਗਾਂਤ੍ਰਾਂ ਤਾਈਂ "ਸੁਰ ਨਰ ਮੁਨ ਜਨ ਲੋਚਦੇ" ਰਹੇ ਪਰ ਇਹ ਪ੍ਰਾਪਤ ਉਨ੍ਹਾਂ ਵਡ ਭਾਗਿਆਂ ਨੂੰ ਹੋਇਆ ਜੋ ਗੁਰੂ ਨਾਨਕ ਜੀ ਨੇ ਵਰੋਸਾਏ।

ਸੋ ਇਹ ਸਾਫ਼ ਹੋ ਗਿਆ ਕਿ "ਖੰਡਾ ਪ੍ਰਿਥਮੈ ਸਾਜ ਕੈ ਸਭ ਸੈਸਾਰ ਉਪਾਇਆ" ਦਾ ਤੱਤ ਭਾਵ ਕੀ ਹੈ, ਹੁਣ ਇਹ ਪ੍ਰਸ਼ਨ ਉਠਦਾ ਹੈ ਕਿ 'ਨਾਮ' ਨੂੰ ਖੰਡਾ ਕਿਉਂ ਕਿਹਾ ਗਿਆ। ਮਨੁਸ਼ ਜੋ ਸ੍ਰਿਸ਼ਟੀ ਦੀ ਪ੍ਰਮੁਖ ਰਚਨਾ ਹੈ—'ਇਸ ਧਰਤੀ ਮਹਿ ਤੇਰੀ ਸਿਕਦਾਰੀ। ਅਵਰ ਜੋਨ ਤੇਰੀ ਪਨਹਾਰੀ' ਅਸ਼ਰਫ ਉਲ ਮਖਲੂਕਾਤ ਹੈ—ਉਹ ਵੀ ਅਕਾਲੀ ਜੋਤਿ ਤੋਂ ਹੀ ਬਣਿਆ ਹੈ, ਇਸ ਮਨੁਸ਼ ਅੰਦਰ ਜੋ ਸੱਤਾ ਭਰੀ ਗਈ ਉਸਤੇ ਹੌਲੇ ਹੌਲੇ ਮਨੁਖੀ ਕਰਮ ਅਨੁਸਾਰ (ਕਿਉਂਕਿ ਕਰਮ ਕਰਨ ਲਈ ਅਕਾਲ ਵਲੋਂ ਹੀ ਮਨੁਖ ਨੂੰ ਸੁਤੰਤਰਤਾ ਮਿਲੀ ਸੀ) 'ਪੰਚ ਬਟਵਾਰੇ' (ਕਾਮਾਦਿਕ) ਹਾਵੀ ਹੋ ਗਏ। ਇਨਾਂ ਦੇ ਪ੍ਰਭਾਵ ਹੇਠ ਮਨ ਸਦਾ ਹੀ ਬੁਰਿਆਈਆਂ ਲੋਚਨ ਲਗ ਪਿਆ।

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ
ਅੰਮ੍ਰਿਤ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ, ਬਾਝੁ ਗੁਰੂ ਗੁਬਾਰਾ ॥
(ਸੋਰਠ ਮ: ੩)

ਸੋ ਇਸ ਦੇਹੀ ਅੰਦਰ ਮਨੁਸ਼ ਮਨ ਦਾ ਟਾਕਰਾ ਪੰਜ ਜਵਾਨਾਂ ਨਾਲ ਸ਼ੁਰੂ ਹੋ ਗਿਆ। ਇਸ ਨਾਮ ਰੂਪੀ ਖੰਡੇ ਨਾਲ ਹੀ ਮਨੁਖ ਨੇ ਇਹਨਾਂ ਨੂੰ ਮਾਰਨਾ ਹੈ, ਜ਼ੇਰ ਕਰਨਾ ਹੈ। ਇਹ ਪੰਜ ਸੂਰਬੀਰ ਹਨ ਅਤੇ ਇਹਨਾਂ ਨੂੰ ਮਾਰਨ ਵਾਸਤੇ ਕੋਈ ਖਾਸ ਹਥਿਆਰ ਹੀ ਕੰਮ ਕਰ ਸਕਦਾ ਹੈ ਅਤੇ ਇਹ ਹਥਿਆਰ ਨਾਨਕ ਨਿਰੰਕਾਰੀ ਦੀ ਮੇਹਰ ਨਾਲ ਨਾਮ-ਖੰਡੇ ਦੇ ਰੂਪ ਵਿਚ ਪ੍ਰਾਪਤ ਹੋਇਆ ਹੈ, ਸੋ ਇਹ ਲੜਾਈ ਇਕ ਉਤਮ ਲੜਾਈ ਹੈ ਤੇ ਮਨੁਸ਼ ਨੇ ਸਦਾ ਹੀ ਕਰਨੀ ਹੈ। ਜੋ ਇਸ ਲੜਾਈ ਤੋਂ ਢਿਲੇ ਹੁੰਦੇ ਹਨ, ਉਹ ਕਾਮਾਦਿਕ ਦੇ ਵੱਸ ਹੋ ਕੇ ਕਰਤੇ ਤੋਂ ਹੋਰ ਵੀ ਦੁਰਾਡੇ ਹੋ ਜਾਂਦੇ ਹਨ। ਇਸ ਨਾਮ ਤੇ ਬਾਹਰੇ ਮਨੁਖ ਨੇ ਪੰਜਾਂ ਤੋਂ ਬਚਣ ਲਈ ਬੜੇ ਕਠਨ ਸਾਧਨ ਕੀਤੇ, ਧੂਣੀਆਂ ਧੁਆਈਆਂ, ਤਨ ਤਾਪੇ, ਪਾਣੀ ਵਿਚ ਸਮਾਧੀਆਂ ਲਗਾਈਆਂ, ਬਸਤੀ ਛਡੇ ਜੰਗਲਾਂ ਦਾ ਵਾਸਾ ਕੀਤਾ, ਪਰ ਕੁਝ ਨਾ ਬਣਿਆ। ਪੰਜ ਵੱਸ ਨਾ ਆਏ। ਇਹ ਪੰਜ ਵੀ ਕਰਤੇ ਦੀ ਆਪਣੀ ਰਚਨਾ ਹਨ। ਉਸ ਨੇ ਬਣਾਏ ਤਾਂ ਸਨ


www.AKJ.Org

ਮਨੁਖੀ ਸੇਵਾ ਲਈ, ਖ਼ੁਸ਼ੀ ਉਪਜਾਉਣ ਲਈ, ਪਰ ਮਨੁਖ ਇਹਨਾਂ ਨੂੰ ਆਪਣੀ ਆਗਿਆ ਵਿਚ ਰਖਣ ਦੀ ਥਾਵੇਂ, ਇਹਨਾਂ ਦੇ ਅਧੀਨ ਹੋ ਗਿਆ। ਕੋਈ ਮਾਲਕ ਆਪਣੇ ਨੌਕਰ ਦੇ ਅਧੀਨ ਹੋ ਜਾਵੇ— ਐਸੀ ਦਸ਼ਾ ਹੋ ਗਈ ਮਨੁਖਤਾ ਦੀ ਜਿਹਾ ਕਿ—

"ਚਾਰਿ ਬਰਨ ਚਉਹਾ ਕੇ ਮਰਦਨ,
ਖਟ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ,
ਪੰਚਹੁ ਹੀ ਮੋਹਿ ਛਲੀ ਰੇ ॥

(ਆਸਾ ਮ: ੫)

ਭਾਵ ਚੋਹਾਂ ਵਰਨਾ ਦੇ ਉਤਮ ਪੁਰਖ ਜਿਨਾਂ ਦੇ ਹਥਾਂ ਦੀ ਤਲੀ ਤੇ ਛੇ ਸ਼ਾਸਤ੍ਰਾਂ ਦੀ ਵਿਦਿਆ ਸੀ, ਇਨ੍ਹਾਂ ਪੰਜਾਂ ਨੇ ਮੋਹ ਕੇ ਛਲ ਲਏ। ਮਨੁਸ਼ ਦੀ ਇਹ ਦੀਨ ਦਸ਼ਾ ਦੇਖ ਕੇ ਹੀ ਕਰਤੇ ਨੂੰ ਤਰਸ ਆਇਆ ਤੇ ਗੁਰੂ ਨਾਨਕ ਦੇ ਜ਼ਰੀਏ ਆਪਣਾ ਨਾਮਰੂਪੀ ਖੰਡਾ ਮਨੁਖਤਾ ਨੂੰ ਦਿਤਾ ਜਿਸ ਨਾਲ ਉਹ ਇਹਨਾਂ ਪੰਜਾਂ ਦੂਤਾਂ ਤੇ ਫੇਰ ਹਾਵੀ ਹੋ ਸਕੇ। ਇਸ ਨਾਮ ਰੂਪੀ ਖੰਡੇ ਨੇ ਹੀ ਮਨੁਖੀ ਮਨ ਨੂੰ ਬਲਵਾਨ ਕਰਨਾ ਹੈ। ਇਸੇ ਦੇ ਵਸੀਲੇ ਹੀ ਇਹ ਪੰਜੇ ਮਹਾਂ ਬਲੀ ਮਨੁਸ਼ ਦੇ ਅਧੀਨ ਹੋਣੇ ਹਨ ਅਤੇ ਇਸਤਰਾਂ ਮਨ ਨੇ ਆਜ਼ਾਦ ਬਲਵਾਨ ਤੇ ਨਿਰਮਲ ਹੋਕੇ ਆਦਿ ਸ਼ਕਤੀ ਅਕਾਲ ਪੁਰਖ ਨਾਲ ਇਕ ਮਿਕ ਹੋਣਾ ਹੈ। ਸੋ ਇਹ 'ਨਾਮ' ਇਕ ਮਹਾਨ ਸ਼ਸਤ੍ਰ ਹੈ ਜਿਸ ਨਾਲ ਇਹ ਲੜਾਈ ਲੜੀ ਜਾਣੀ ਹੈ। ਇਸੇ ਲਈ ਖਾਲਸਈ ਬੋਲੇ ਵਿਚ ਨਾਮ ਜਪਨ ਨੂੰ ਖੰਡਾ ਖੜਕਾਉਣਾ' ਵੀ ਕਿਹਾ ਗਿਆ ਹੈ। ਇਹੋ ਜੰਗ ਹੈ ਜੋ ਖਾਲਸੇ ਨੇ ਸਦਾ ਕਰਨੀ ਹੈ। ਭਾਵ ਸ੍ਵਾਸ ਸ੍ਵਾਸ ਖੰਡਾ ਖੜਕਾਉਂਦੇ ਰਹਿਣਾ ਹੈ ਤਾਕਿ ਵੈਰੀਆਂ ਨੂੰ ਕੋਈ ਸਮਾਂ ਹਮਲੇ ਦਾ ਮਿਲ ਹੀ ਨਾ ਸਕੇ। ਇਸੇ ਲੜਾਈ ਵਲ ਸੰਕੇਤ ਸੀ ਦਸਮੇਸ਼ ਜੀ ਦਾ ਜਦ ਉਨ੍ਹਾਂ ਹੁਕਮ ਕੀਤਾ ਸੀ—

"ਖਾਲਸਾ ਸੋਇ ਕਰੈ ਨਿਤ ਜੰਗ।"

ਇਸ ਜੰਗ ਕਰਨ ਲਈ ਮਨ ਘੋੜੇ ਤੇ ਸਵਾਰ ਹੋਕੇ ਨਾਮ-ਖੰਡੇ ਨਾਲ ਇਹ ਜੰਗ ਕਰਦਾ ਰਹੇਗਾ ਤਾਂ ਫਿਰ—

'ਨਿਹਤੇ ਪੰਜਿ ਜਵਾਨ ਮੈ, ਗੁਰ ਥਾਪੀ ਦਿਤੀ ਕੰਡਿ ਜੀਉ।"

ਵਾਲੀ ਅਵਸਥਾ ਹੋ ਜਾਏਗੀ। ਅਤੇ ਫੇਰ ਇਹ ਪੰਜੇ ਸੂਰਬੀਰ-ਸਾਰੀ ਸ੍ਰਿਸ਼ਟੀ ਤੇ ਭਾਰੂ ਹੋਣ ਵਲੇ ਬਲੀ-ਮਨੁਖ ਦੇ ਅਧੀਨ ਹੋ ਜਾਣਗੇ ਤੇ ਇਸਤਰਾਂ ਮਨੁਸ਼ ਸਚਾ ਸੁਚਾ ਆਤਮਕ ਜੀਵਨ ਬਿਤਾਂਦਾ ਹੋਇਆ, ਆਪਣੀ ਮੰਜ਼ਲ ਵਲ ਵਧਦਾ ਇਕ ਨਾ ਇਕ ਦਿਨ ਕਰਤੇ ਵਿਚ ਲੀਨ ਹੋਕੇ—

ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ, ਸੰਪੂਰਣ ਥੀਆ ਰਾਮ ॥

---

**ਜ਼ਰੂਰੀ ਬੇਨਤੀ**— ਸੂਰਾ' ਦੇ ਪਾਠਕਾਂ ਨੂੰ ਇਹ ਜਾਣਕੇ ਖ਼ੁਸ਼ੀ ਹੋਵੇਗੀ, ਕਿ ਅਸੀਂ ਇਕ ਨਵਾਂ ਕਾਲਮ 'ਕਵਿਤਾ' ਦਾ ਸ਼ੁਰੂ ਕਰ ਰਹੇ ਹਾਂ, ਇਸ ਲਈ ਕਵੀ ਸਜਣ ਆਪਣੀਆਂ ਕਵਿਤਾਵਾਂ ਕੇਵਲ ਗੁਰਮਤਿ ਸੰਬੰਧੀ ਹੀ ਭੇਜਣ, ਅਤੇ ਲਿਖਾਰੀ ਸਜਣ ਲੇਖ ਛੋਟਾ ਤੇ ਕਾਗਜ਼ ਦੇ ਇਕ ਪਾਸੇ ਸਾਫ਼ ਸੁਥਰਾ ਲਿਖਿਆ ਹੀ ਭੇਜਣ ਦੀ ਕ੍ਰਿਪਾਲਤਾ ਕਰਨ।

ਦਾਸ—ਮੈਨੇਜਰ, 'ਸੂਰਾ' ਪਟਿਆਲਾ।



www.AKJ.Org

# ਸਰਦਾਰ ਸ਼ਾਮ ਸਿੰਘ ਅਟਾਰੀਵਾਲਾ

( ਪ੍ਰੋ. ਗੁਰਮੁਖ ਸਿੰਘ ਜੀ ਐਮ.ਏ., ਪਟਿਆਲਾ )

ਸ: ਸ਼ਾਮ ਸਿੰਘ ਅਟਾਰੀਵਾਲਾ ਮਹਾਰਾਜਾ ਰਣਜੀਤ ਸਿੰਘ ਦਾ ਇਕ ਬਹੁਤ ਬਹਾਦਰ ਜਰਨੈਲ ਸੀ। ਆਪ ਦੇ ਪਿਤਾ ਨੌਨਿਹਾਲ ਸਿੰਘ ਬਹਾਦਰ ਤੇ ਅਣਖੀਲੇ ਸੂਰਮੇ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਉਘੇ ਜਰਨੈਲ ਸਨ ਸ: ਸ਼ਾਮ ਸਿੰਘ ਜੀ ਦੇ ਜਨਮ ਦੀ ਤਾਰੀਖ ਅਤੇ ਛੋਟੀ ਅਵਸਥਾ ਦੇ ਹਾਲਾਤ ਦਾ ਕੁਝ ਪਤਾ ਨਹੀਂ ਚਲਦਾ। ਅਨੁਮਾਨ ਹੈ ਕਿ ਆਪ ਸੰਨ ੧੭੮੫ ਦੇ ਲਗ ਭਗ ਪੈਦਾ ਹੋਏ ਅਤੇ ਸ਼ਾਇਦ ਸੰਨ ੧੮੦੩ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਦਾਖਲ ਹੋਏ। ਉਹਨਾਂ ਦੇ ਜੀਵਨ ਦਾ ਸਭ ਤੋਂ ਪਹਿਲਾਂ ਪ੍ਰਸਿਧ ਕਾਰਨਾਮਾ ਮੁਲਤਾਨ ਦੀ ਆਖਰੀ ਲੜਾਈ ਸੀ ਜੋ ੧੮੧੮ ਵਿੱਚ ਲੜੀ ਗਈ ਇਥੇ ਸਰਦਾਰ ਸਾਹਿਬ ਨੇ ਆਪਣੇ ਜੌਹਰ ਦਿਖਾਏ। ਮੁਲਤਾਨ ਦਾ ਕਿਲਾ ਨਵਾਬ ਮੁਜ਼ਫਰ ਖ਼ਾਨ ਦੇ ਕਬਜ਼ੇ ਵਿੱਚ ਸੀ। ਅਕਾਲੀ ਫੂਲਾ ਸਿੰਘ ਭੀ ਇਸੇ ਲੜਾਈ ਵਿੱਚ ਸਨ। ਇਸ ਤਰਾਂ ਲਗ ਭਗ ਇਕ ਦਰਜਨ ਮੁਹਿਮਾਂ ਵਿੱਚ ਆਪ ਨੇ ਆਪਣੇ ਬਹਾਦਰੀ ਦੇ ਜੌਹਰ ਦਿਖਾਏ। ਮਹਾਰਾਜਾ ਸਾਹਿਬ ਨੂੰ ਆਪ ਤੇ ਪੂਰਨ ਭਰੋਸਾ ਸੀ ਕਿ ਜਿਥੇ ਆਪ ਜਾਣਗੇ ਉਥੇ ਮੋਰਚਾ ਫਤਹ ਹੀ ਕਰਕੇ ਆਉਣਗੇ। ਇਹਨਾਂ ਵਿਚ ਪ੍ਰਸਿਧ ਮਹਿੰਮਾਂ ਹਨ, ਮੁਲਤਾਨ, ਅਟਕ, ਕਸ਼ਮੀਰ, ਜਮਰੋਦ, ਤੇ ਸਭਰਵਾਲ ਦੀ ਲੜਾਈ ਜਿਸ ਵਿਚ ਆਪ ਸ਼ਹੀਦ ਹੋ ਗਏ।

ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਾਈ ਤੋਂ ਬਾਦ ਡੋਗਰੇ ਵਜ਼ੀਰਾਂ ਨੇ ਐਸੀ ਗੋਂਦ ਗੁੰਦੀ ਕਿ ਇਕ ਤੋਂ ਦੂਜਾ ਸਿਖ ਮਹਾਰਾਜਾ ਸਾਜ਼ਸ਼ਾਂ ਰਾਹੀਂ ਪਾਰ ਬੁਲਾਇਆ ਗਿਆ। ਸਰਦਾਰ ਸ਼ਾਮ ਸਿੰਘ ਮਹਾਰਾਜਾ ਸਾਹਿਬ ਦੇ ਕੁੜਮ ਵੀ ਸਨ।

ਆਪਦੀ ਸਪੁਤਰੀ ਬੀਬੀ ਨਾਨਕੀ ਦੀ ਸ਼ਾਦੀ ਸ਼ਹਿਜ਼ਾਦਾ ਕੰਵਰ ਨੌਨਿਹਾਲ ਸਿੰਘ ਨਾਲ ਹੋਈ ਸੀ। ਕੰਵਰ ਸਾਹਿਬ ਮ: ਰਣਜੀਤ ਸਿੰਘ ਦਾ ਪੋਤਾ ਸੀ ਤੇ ਸ਼ਹਿਜ਼ਾਦਾ ਖੜਕ ਸਿੰਘ ਦਾ ਪੁਤਰ ਸੀ। ਪਰ ੫ ਨਵੰਬਰ ਸੰਨ ੧੮੪੦ ਨੂੰ ਸ. ਸ਼ਾਮ ਸਿੰਘ ਨੂੰ ਸਖਤ ਸਦਮਾ ਪਹੁੰਚਿਆ। ਉਹਨਾਂ ਦਾ ਦਾਮਾਦ ਕੰਵਰ ਨੌਨਿਹਾਲ ਸਿੰਘ ਨੂੰ ਡੋਗਰਾ ਵਜ਼ੀਰਾਂ ਨੇ ਜਾਣ ਬੁਝ ਕੇ ਖ਼ਤਮ ਕਰ ਦਿਤਾ। ਇਸ ਤੋਂ ਬਾਦ ਸ. ਸ਼ਾਮ ਸਿੰਘ ਜੀ ਕੁਝ ਪਿਛੇ ਹੀ ਹਟ ਗਏ ਜਾਪਦੇ ਹਨ। ਸ਼ਾਇਦ ਸਦਮੇ ਕਾਰਨ ਚੁਪ ਹੋਕੇ ਅਟਾਰੀ ਜਾ ਡੇਰਾ ਲਾਇਆ, ਜਾਂ ਆਪ ਸਿਆਸੀ ਤੌਰ ਤੇ ਇਤਨੇ ਸੁਘੜ ਤੇ ਸੂਝਵਾਨ ਨ



www.AKJ.Org

ਹੋਣ ਕਰਕੇ ਡੋਗਰਾ ਸ਼ਾਹੀ ਵਿਰੁਧ ਕੋਈ ਅਵਾਜ਼ ਤਕ ਨਾ ਉਠਾ ਸਕੇ। ਆਪਦੀ ਸਿਖ ਰਾਜ ਲਈ ਵਫਾਦਾਰੀ ਤੇ ਸ਼ੰਕਾ ਨਹੀਂ ਕੀਤਾ ਜ਼ਾ ਸਕਦਾ ਪਰ ਏਸ ਭੀੜ ਸਮੇਂ ਜੇ ਆਪ ਕੋਈ ਸੁਚਜਾ ਸੰਗਠਨ ਕਰ ਵਖਾਉਂਦੇ ਤੇ ਡੋਗਰਾ ਸ਼ਾਹੀ ਨੂੰ ਨਕੇਲ ਪਾ ਦੇਂਦੇ ਤਾਂ ਆਪ ਦੀ ਸ਼ੋਭਾ ਨੂੰ ਹੋਰ ਵੀ ਚਾਰ ਚੰਨ ਲਗਦੇ।

ਸਰਦਾਰ ਸਾਹਿਬ ਉਦੋਂ ਭਬਕਾਂ ਮਾਰ ਕੇ ਉਠੇ ਸਨ ਜਦੋਂ ਮੁਦਕੀ ਤੇ ਫੇਰੂ ਸ਼ਹਿਰ ਦੀ ਲੜਾਈਆਂ ਸਿਖ ਹਾਰ ਚੁਕੇ ਸਨ, ਅਤੇ ਹੁਣ ਉਹਨਾਂ ਦਾ ਚੁਪ ਬੈਠਣਾ ਕਾਇਰਤਾ ਭਾਸਣ ਲਗ ਪਿਆ ਸੀ। ਆਖਰ ਮਹਾਰਾਣੀ ਜਿੰਦ ਕੌਰ ਦੇ ਉਪਰ ਥਲੇ ਕਈ ਸਦੇ ਆਉਣ ਤੇ ਆਪ ਨੇ ਕਮਰ ਕੱਸਾ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਇਹ ਅਰਦਾਸਾ ਸੋਧਿਆ ਕਿ "ਜੇ ਸਿਖ ਫੌਜਾਂ ਨੂੰ ਰਣ ਵਿੱਚ ਹਾਰ ਹੋ ਗਈ ਤਾਂ ਮੈਂ ਜੀਊਂਦਾ ਵਾਪਸ ਨਹੀਂ ਮੁੜਾਂਗਾ।' ਸਭਰਾਂਵਾਂ ਦੀ ਲੜਾਈ ਵਿੱਚ ਆਪ ਨੇ ਕਮਾਲ ਦੇ ਜੋਹਰ ਦਿਖਾਏ ਭਾਵੇਂ ਆਪ ਦੀ ਆਯੂ ੬੧ ਵਰਿਆਂ ਦੀ ਸੀ। ਅੰਤ ੧੦ ਫਰਵਰੀ ੧੮੪੬ ਨੂੰ ਆਪ ਨੇ ਸ਼ਹੀਦੀ ਜਾਮ ਪੀਤਾ ਅਤੇ ਪਿਛੋਂ ਉਹਨਾਂ ਦੀ ਸਿੰਘਣੀ ਮਾਈ ਦਾਸੀ ਨੂੰ ਜਦੋਂ ਇਹਨਾਂ ਦੀ ਸ਼ਹੀਦੀ ਦਾ ਪਤਾ ਲਗਾ ਤਾਂ ਉਹ ਸਰਦਾਰ ਸਾਹਿਬ ਦੇ ਅੰਤਮ ਸਸਕਾਰ ਤੋਂ ਪਹਿਲਾਂ ਹੀ ਸਤੀ ਹੋ ਗਈ। ਸਰਦਾਰ ਸਾਹਿਬ ਦਾ ਸਸਕਾਰ ੧੨ ਫਰਵਰੀ ਨੂੰ ਅਟਾਰੀ ਵਿਖੇ ਹੋਇਆ। ਕਹਿੰਦੇ ਹਨ ਇਹ ਪੰਜਾਬ ਵਿਚ ਆਖਰੀ ਸਤੀ ਸੀ ਤ ਇਸ ਦੀ ਸਮਾਧ ਹੁਣ ਵੀ ਅਟਾਰੀ ਪਿੰਡ ਤੋਂ ਬਾਹਰ ਖੜੀ ਹੈ।

ਜਿਥੇ ਆਪ ਸੂਰਮੇ ਤੇ ਜੋਧਾ ਸਨ ਉਥੇ ਆਪ ਨੂੰ ਸਿਖ ਦਰਬਾਰ ਦੇ ਤੌਰ-ਤਰੀਕਿਆਂ ਦੀ ਭੀ ਚੰਗੀ ਜਾਣਕਾਰੀ ਸੀ। ਸੰਨ 1831 ਵਿਚ ਬਾਦਸ਼ਾਹ ਇੰਗਲਿਸਤਾਨ ਵਲੋਂ ਜਦ ਲੈਫਟੀਨੈਂਟ ਅਲੈਗਜੇਂਡਰ ਬਰਨਜ਼ ਮਹਾਰਾਜਾ ਰਣਜੀਤ ਸਿੰਘ ਲਈ ਕੁਝ ਤੋਹਫੇ ਲੈਕੇ ਦਰਿਆ ਸਿੰਧ ਦੇ ਰਸਤੇ ਪੰਜਾਬ ਪੁਜਾ ਤਾਂ ਸੁਆਗਤ ਲਈ ਮਹਾਰਾਜਾ ਸਾਹਿਬ ਨੇ ਸ: ਸ਼ਾਮ ਸਿੰਘ ਤੇ ਹੋਰ ਅਹੁਦੇਦਾਰ ਛਾਂਗੇ ਮਾਂਗੇ ਦੇ ਮੁਕਾਮ ਤੇ ਭੇਜੇ। ਫਿਰ ਜਦੋਂ ਲਾਰਡ ਵਿ: ਬੈਂਟਿਕ ਗਵਰਨਰ ਜਨਰਲ ਨੇ ਰੋਪੜ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਕੀਤੀ ਤਾਂ ਇਥੇ ਵੀ ਸਰਦਾਰ ਸ਼ਾਮ ਸਿੰਘ ਹੋਰੀ ਸਰਦੇ ਪੁਜਦੇ ਦਰਬਾਰੀਆਂ ਸਮੇਤ ਸਵਾਗਤ ਲਈ ਸਭ ਤੋਂ ਅਗੇ ਸਨ।

ਸਿਖ ਇਤਿਹਾਸ ਵਿੱਚ ਸਰਦਾਰ ਸਾਹਿਬ ਦਾ ਜੀਵਨ ਕੇਵਲ ਇਕ ਜਰਨੈਲ ਜਾਂ ਸਰਦਾਰ ਦੇ ਤੌਰ ਤੇ ਦਿਤਾ ਗਿਆ ਹੈ। ਆਪ ਨੂੰ ਕਾਫ਼ੀ ਜਾਗੀਰਾਂ ਇਨਾਮ ਵਜੋਂ ਮਹਾਰਾਜਾ ਸਾਹਿਬ ਤੋਂ ਆਪਦੀ ਬਹਾਦਰੀ ਕਾਰਨ ਮਿਲੀਆਂ ਹੋਈਆਂ ਸਨ। ਉਹਨਾਂ ਦੀ ਸਰਦਾਰੀ ਠਾਠ ਦਾ ਅੰਦਾਜ਼ਾ ਇਸ ਗਲ ਤੋਂ ਲਗਦਾ ਹੈ ਕਿ ਉਹਨਾਂ ਨੇ ਆਪਣੀ ਲੜਕੀ ਬੀਬੀ ਨਾਨਕੀ ਦੀ ਸ਼ਾਦੀ ਪਰ ੧੫ ਲਖ ਰੁਪੈ ਤੋਂ ਵਧ ਝਰਚ ਕੀਤਾ। ਪਰ ਬੜਾ ਅਫਸੋਸ ਹੈ ਕਿ ਇਤਨੇ ਵਡੇ ਸਿਖ ਜਰਨੈਲ ਦਾ ਸਿਖ ਪੰਥ ਪਾਸ ਹੁਣ ਤਕ ਪੰਥਕ ਪਹਿਲੂ ਉਕਾ ਹੀ ਨਹੀਂ। ਇਹ ਤਾਂ ਰੀਕਾਰਡ ਵਿਚ ਹੈ ਕਿ ਬਾਬਾ ਅਟਲ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਗਚ ਦੀ ਮਹਿੰਗੀ ਸੇਵਾ ਆਪ ਨੇ ਕਰਵਾਈ ਸੀ; ਪਰ ਇਸ ਗਲ ਦਾ ਇਤਿਹਾਸ ਵਿੱਚ ਕੋਈ ਖੁਰਾ ਖੋਜ ਨਹੀਂ ਕਿ ਸਰਦਾਰ ਸ਼ਾਮ ਸਿੰਘ ਨੇ ਸਿਖੀ ਪ੍ਰਚਾਰ ਲਈ ਕੀ*



www.AKJ.Org

# ਸਾਡੇ ਧਰਮ ਦੇ ਅਧਾਰ

(ਗਿ. ਗੁਰਦਿੱਤ ਸਿੰਘ ਜੀ ਸੰਪਾਦਕ 'ਪ੍ਰਕਾਸ਼' ਚੰਡੀਗੜ੍ਹ)

[ ਲੜੀ ਜੋੜਨ ਲਈ ਪਿਛਲਾ ਪਰਚਾ ਵੇਖੋ ]

ਗੁਰੂ ਅਰਜਨ ਦੇਵ ਜੀ ਨੇ ਕਥਾ ਨੂੰ ਰਿਮ ਝਿਮ ਕਣੀਆਂ ਦਾ ਤੇ ਕੀਰਤਨ ਨੂੰ ਛੜਾਕੇਦਾਰ ਮੀਂਹ ਕਿਹਾ ਹੈ, ਪਰੰਤੂ ਹਜ਼ੂਰੀ ਰਾਗੀਆਂ ਵਿਚੋਂ ਤਾਂ ਬਹੁਤੇ ਫੁਹਾਰ ਦੀ ਬਹਾਰ ਜਿਹੇ ਹੋ ਗਏ ਹਨ। ਕੀਰਤਨ ਲਈ ਜਿਹੋ ਜਿਹਾ ਗੁਰਬਾਣੀ ਦਾ ਸ਼ੁੱਧ ਉਚਾਰਨ, ਵਰਤੀ ਗਈ ਸ਼ਬਦਾਵਲੀ ਨੂੰ ਉਚਾਰਨ ਦੀ ਟਰੇਨਿੰਗ ਤੇ ਸਾਧਨਾ ਹੋਣੀ ਚਾਹੀਦੀ ਹੈ ਉਸ ਦੀ ਉਕੀ ਹੀ ਅਣਹੋਂਦ ਹੈ। ਕੁਝ ਵਿਰਲੇ ਰਾਗੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿਚਕਾਰਲੇ ਸਾਰੇ ਰਾਗਾਂ ਦੀ ਸੂਝ ਹੋਵੇਗੀ, ਉਹਨਾਂ ਵਿਚੋਂ ਵੀ ਕਈ ਰਾਗਾਂ ਤੋਂ ਅਣਭਿੱਜ ਹਨ, ਜਿਵੇਂ 'ਸੂਹੀ' ਰਾਗ ਗਾਉਣ ਵਾਲਾ ਰਾਗੀ ਸ਼ਾਇਦ ਹੀ ਖੋਜਿਆਂ ਕੋਈ ਲਭ ਸਕੇ।

ਸਿੱਖ ਸੰਗੀਤ ਲਈ ਜਿਹੋ ਜਿਹੀ ਸੰਸਥਾ ਦੀ ਆਵਸ਼ਕਤਾ ਅਤੇ ਇਸ ਕਲਾਂ ਦੇ ਘਰ ਘਰ ਪਹੁੰਚਾਉਣ ਦੀ ਲੋੜ ਹੈ ਇਹ ਪਹਿਲੂ ਅਣਛੋਹਿਆ ਹੀ ਪਿਆ ਹੈ। ਸਿਖ ਸੰਗੀਤ ਨਾਲ ਹਰ ਸਵੇਰੇ ਦੂਜਾ ਤੀਜਾ ਘਰ ਟੁਣਕ ਰਿਹਾ ਹੋਵੇ ਤਦ ਹੀ ਗੁਰੂ ਜੀ ਦਾ 'ਘਰ ਘਰ ਅੰਦਰ ਧਰਮਸਾਲ' ਵਾਲਾ ਵਾਕ ਸੱਚਾ ਹੋਵੇਗਾ।

ਸਿੱਖ ਵਿਆਖਿਆਕਾਰਾਂ ਦਾ ਮਸਲਾ ਸਾਡਾ ਸਭ ਤੋਂ ਵਧ ਢਿੱਲਾ ਹੈ। ਕੁਝ ਚੁਟਕਲੇ ਬਾਜ਼ ਪ੍ਰਚਾਰਕਾਂ ਨੇ ਸਿਖ ਸੰਗਤਾਂ ਦਾ ਮਿਜ਼ਾਜ ਅਜੇਹਾ ਬਣਾ ਦਿਤਾ ਹੈ ਕਿ, ਉਹ ਗੰਭੀਰ ਵਿਦਵਤਾ ਭਰੇ ਲੈਕਚਰ ਸੁਣਨ ਦੀ ਖਾਹਸ਼ ਨਹੀਂ ਰਖਦੀਆਂ। ਫਲਾਨੇ ਥਾਂ ਵਾਲਾ ਪ੍ਰਚਾਰਕ ਮੰਗਾਉ ਜੀ ਉਹ

---

* ਕੁਝ ਕੀਤਾ। ਉਹ ਆਪ ਸਿੰਘ ਸਨ ਅਤੇ ਅੰਤ ਸਮੇਂ ਤਕ ਗੁਰੂ ਕੇ ਸਿੰਘ ਸਜੇ ਰਹੇ ਪਰ ਇਹ ਘਟਨਾ ਬਹੁਤ ਦੁਖਦਾਈ ਹੈ ਕਿ ਉਹਨਾਂ ਦੀ ਸਿੰਘਣੀ ਸਤੀ ਹੋਕੇ ਜਲ ਮਰੇ। ਦਰ ਅਸਲ ਜੇ ਦੇਖਿਆ ਜਾਏ ਤਾਂ ਸਿਖ ਰਾਜ ਤਾਂ ਸੀ, ਪਰ ਸਿਖ ਰਾਜ ਨੇ ਬੜੀਆਂ ਬੜੀਆਂ ਸਰਦੀਆਂ ਵੰਡੀਆਂ, ਬੜੇ ਬੜੇ ਸਰਦਾਰ ਪੈਦਾ ਕੀਤੇ। ਸਿਖ ਨੁਕਤਾ ਨਜ਼ਰ ਤੋਂ ਬਹੁਤ ਸਾਰੀਆਂ ਗਲਾਂ ਅਜਿਹੀਆਂ ਹੋ ਰਹੀਆਂ ਸਨ ਜੋ ਗੁਰਸਿਖਾਂ ਨੂੰ ਸ਼ੋਭਾ ਨਹੀਂ ਦਿੰਦੀਆਂ! ਸਿਖ ਸਰਦਾਰ ਐਸ਼ ਪ੍ਰਸਤ ਹੋ ਗਏ ਸਨ। ਆਪੋ ਵਿੱਚ ਈਰਖਾ, ਦੂਜੇ ਨੂੰ ਸਾਰ ਮੁਕਾਉਣ ਦੀਆਂ ਵਿਉਂਤਾਂ ਸਭ ਸਿਖੀ ਆਸ਼ੇ ਤੋਂ ਵਿਰੁਧ ਹਨ।

—੦—



www.AKJ.Org

ਬੜੀਆਂ ਕਰਾਰੀਆਂ ਗਲਾਂ ਸੁਣਾਉਂਦਾ ਹੈ ਇਹ ਮੰਗ ਹੁੰਦੀ ਹੈ। ਲੜੀਵਾਰ ਇਕ ਇਕ ਵਿਸ਼ੇ ਤੇ ਲਗਾਤਾਰ ਯੋਗਤਾ ਤੇ ਸਮੱਗਰੀ ਭਰੇ ਭਾਸ਼ਨ ਸਿਖਾਂ ਵਿੱਚ ਦੇਣ ਵਾਲਾ ਕੋਈ ਵਿਦਵਾਨ ਲੱਭਣਾ ਸੌਖਾ ਨਹੀਂ? ਕੁਝਕੁ ਨੂੰ ਇਤਿਹਾਸ ਆਉਂਦਾ ਹੁੰਦਾ ਹੈ, ਉਹ ਗੁਰਬਾਣੀ ਦੇ ਗਿਆਨ ਵਲੋਂ ਕੋਰੇ ਹੁੰਦੇ ਹਨ, ਗੁਰਬਾਣੀ ਆਉਂਦੀ ਹੋਵੇ ਤਾਂ ਸਿਖ ਦਰਸ਼ਨ ਦੀ ਸੂਝ ਨਹੀਂ ਹੁੰਦੀ। ਸਰਬੰਗੀ ਸਿਆਣਪ ਅਤੇ ਸਾਧਨਾਂ ਨਾਲ ਕਿਸੇ ਵਿਸ਼ੇ ਦੇ ਧੁਰ ਖਲ ਤਕ ਪਹੁੰਚ ਕੇ ਗਲ ਕਰਨ ਦੀ ਰੁਚੀ ਸਿਖ ਵਖਿਆਨ-ਦਾਤਿਆਂ ਵਿੱਚ ਹਾਲਾਂ ਤਕ ਜਿਵੇਂ ਜੰਮੀ ਹੀ ਨਹੀਂ।

ਬੋਧੀ, ਜੈਨੀ, ਮੁਸਲਮਾਨ, ਇਸਾਈ, ਵਿਦਵਾਨ ਅਸੀਂ ਸੁਣੇ ਹਨ? ਉਨ੍ਹਾਂ ਵਿਖਿਆਨਾਂ ਦੀ ਸੋਭਾ ਨਹੀਂ ਹੋ ਸਕਦੀ। ਜੇ ਕਿਸੇ ਨੂੰ ਸੁਣਨ ਦਾ ਮੌਕਾ ਮਿਲਿਆ ਹੋਵੇ ਉਨ੍ਹਾਂ ਦੇ ਵਿਚਾਰ ਸੁਣ ਕੇ ਫਿਰ ਸਾਡੇ ਕਿਸੇ ਸਿਖ ਵਿਦਵਾਨ ਦਾ ਭਾਸ਼ਨ ਸੁਣੇ ਤਾਂ ਇਉਂ ਲਗਦਾ ਹੈ, ਉਹ ਸਹਿਜ ਨਾਲ ਗਿਆਨ ਸਾਗਰ ਉਤੇ ਤਾਰੀਆਂ ਲਾ ਲਾ ਕੇ ਮੋਤੀ ਵਰੋਲ ਰਹੇ ਹੁੰਦੇ ਹਨ ਤੇ ਅਸਾਡੇ ਵਿਦਵਾਨ ਬਾਹਵਾਂ ਮਾਰ ਮਾਰ ਕੇ ਕੰਢਿਆਂ ਉਤੇ ਝੱਗ ਵਿੱਚ ਹਥ ਮਾਰਨ ਤੇ ਅਗੇ ਲਭਣ ਤੋਂ ਅਗੇ ਨਹੀਂ ਟੁਰਦੇ। ਮੌਜੂ ਦਾਭਾਸ਼ਨ ਕਾਰਾਂ ਵਿਚੋਂ ਗਿਆਨੀ ਸ਼ੇਰ ਸਿੰਘ ਜੀ ਦੀ ਥਾਂ ਲੈਣ ਵਾਲਾ ਵੀ ਕੋਈ ਨਹੀਂ ਦਿਸਦਾ।

ਇਕ ਦੋ ਵਿਦਵਾਨ ਕਪੂਰ ਸਿੰਘ ਆਈ. ਸੀ. ਐਸ. ਜਿਹੇ ਇਹ ਕਾਰਜ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਸਾਡੇ ਪੰਥ ਦੀ ਸੇਵਾ ਕਰਨ ਦੇ ਯੋਗ ਨਹੀਂ ਸਮਝਿਆ। ਨਿਰਣੇ ਜਨਕ ਨੁਕਤੇ ਦੂਜੇ ਧਰਮਾਂ ਨਾਲ ਮੇਲ ਅਣਮੇਲ ਵਾਲੀਆਂ ਭੇਦਾਂ ਵਾਲੀਆਂ ਚੀਜ਼ਾਂ ਅਸੀਂ ਕਿਸੇ ਆਉਣ ਵਾਲੀ ਪੀੜੀ ਦੇ ਨੌਨਿਹਾਲਾਂ ਲਈ ਅਛੋਹ ਰਖ ਛਡੀਆਂ ਹਨ। ਕਥਾ ਵਾਚਕ ਗਿਆਨੀਆਂ ਵਿਚ ਸਾਡੇ ਪਾਸੋਂ ਕਈ ਸਾਧਨਾਂ ਵਾਲੇ ਸਜਣ ਚਲੇ ਗਏ ਹਨ ਦੋ ਚਾਰ ਜੋ ਹੈਨ ਉਹ ਚਲਣ ਵਾਲੇ ਹਨ, ਭਾਵੇਂ ਇਸ ਖੇਤਰ ਵਿਚ ਬਹੁ ਪ੍ਰਕਾਰੀ ਵਿਦਵਤਾ ਵਾਲੇ ਸਜਣਾਂ ਦੀ ਮੁਢ ਤੋਂ ਘਾਟ ਰਹੀ ਹੈ। ਦਮਦਮੇ ਸਾਹਿਬ ਦੀ ਗੁਰੂ ਕਾਂਸ਼ੀ ਭੀਇਸ ਸਾਲ ਬੰਦ ਹੋ ਗਈ ਹੈ, ਹਾਂ ਉਥੇ ਐਗਰੀਕਲਚਰ ਖੁਲ ਗਿਆ ਹੈ? ਪਰ ਇਸ ਕਥਾ ਵਾਚਕ ਪਖ ਨੂੰ ਸੁੰਞਾ ਨਹੀਂ ਕਿਹਾ ਜਾ ਸਕਦਾ। ਬੇਸ਼ਕ, ਅਕਾਲੀ ਕੌਰ ਸਿੰਘ, ਸੰਤ ਸੰਗਤ ਸਿੰਘ, ਸੰਤ ਤੇਜਾਸਿੰਘ, ਗਿ: ਅਰਜਨ ਸਿੰਘ, ਗਿ: ਚੰਨਣ ਸਿੰਘ ਦਮਦਮਾ ਸਾਹਿਬ, ਜਿਹੇ ਸਜਣਾਂ ਦੀ ਘਾਟ ਪੂਰਨੀ ਔਖੀ ਹੈ, ਪਰੰਤੂ ਇਸ ਖੇਤਰ ਵਿਚ ਗਿ:ਗੁਰਬਚਨ ਸਿੰਘ ਜੀ ਦਾ ਕਾਰਜ ਸ਼ਲਾਘਾ ਯੋਗ ਹੈ। ਅੰਮ੍ਰਿਤਸਰ ਦੇ ਕਥਾ ਵਾਚਕ ਗਿਆਨੀ ਦਲੀਪ ਸਿੰਘ ਤੇ ਦੋ ਚਾਰ ਹੋਰ ਗਿਆਨੀ ਸਾਹਿਬਾਨ ਆਪੋ ਆਪਣੇ ਥਾਂ ਸੁੰਦਰ ਸੇਵਾ ਕਰ ਰਹੇ ਹਨ। ਗੁਰਮਤ ਦੇ ਵਿਆਖਿਅਕ ਵਿਚ ਸੰਤ ਗੁਰਮੁਖ ਸਿੰਘ ਜੀ ਪਟਿਆਲਾ ਇਸ ਵੇਲੇ ਸਭ ਤੋਂ ਵਧ ਪ੍ਰਭਾਵਸ਼ਾਲੀ ਹਨ। ਉਨ੍ਹਾਂ ਨੇ ਇਸ ਘਾਟ ਨੂੰ ਮਹਿਸੂਸ ਕਰਦਿਆਂ ਗੁਰਮਤ ਕਾਲਜ ਖੋਲਣ ਦਾ ਉਦਮ ਵੀ ਕੀਤਾ ਹੈ, ਜੋ ਆਪਣੀ ਮਿਸਾਲ ਆਪ ਹੈ। ਇਹ ਕੰਮ ਕਮੇਟੀਆਂ ਦੇ ਨਹੀਂ ਸਨ ਜੋ ਇਕ ਪੰਥ ਦਰਦੀ ਗੁਰਸਿਖ ਸੰਤ ਨੂੰ ਕਰਨੇ ਪੈ ਰਹੇ ਹਨ।

ਸਿਖੀ ਦੇ ਸਦਾਚਾਰਕ ਪਖਾਂ, ਨਿੱਤ ਮਰਯਾਦਾ ਵਿੱਚ ਕਿਸੇ ਸਜਣ ਨੇ ਆਪਣੇ ਤੌਰ ਤੇ



www.AKJ.Org

ਕੋਈ ਪ੍ਰਾਪਤੀ ਕੀਤੀ ਹੋਵੇ ਤਾਂ ਸੰਭਵ ਹੋ ਸਕਦਾ ਹੈ ਪਰੰਤੂ ਸਿਖ ਸਮਾਜ ਨੇ ਅਜੇਹਿਆਂ ਕਾਰਜਾਂ ਲਈ ਕੋਈ ਗੁੰਜਾਇਸ਼ ਨਹੀਂ ਰਹਿਣ ਦਿਤੀ। ਕਿਸੇ ਧਰਮ ਮੰਦਰ ਦਾ ਨੀਂਹ ਪੱਥਰ ਜਾਂ ਸ਼ੁਭ ਕਾਰਜ ਦਾ ਅਰੰਭ ਕਰਨਾ ਹੋਵੇ ਉਸ ਲਈ ਨਿਰਮਾਣ ਪੰਥ ਸੇਵਕ, ਜਿਨ੍ਹਾਂ ਨੇ ਸਿਖੀ ਦੀ ਸਾਧਨਾ ਕੀਤੀ ਹੋਵੇ ਇਤਨੇ ਬੇਲੋੜੇ ਕਦੇ ਨਹੀਂ ਸੀ ਹੋਏ ਜਿਤਨੇ ਅਜ ਕਲ ਹਨ। ਅਵਲ ਤਾਂ ਵਜ਼ੀਰਾਂ ਦੀਆਂ ਹੇੜ੍ਹਾਂ ਹੀ ਅਜੇਹਾ ਸ਼ੁਭ ਕੰਮ ਕਿਸੇ ਹੋਰ ਤੋਂ ਹੋਣ ਨਹੀਂ ਦਿੰਦੀਆਂ। ਪਕੌੜਿਆਂ ਦੀਆਂ ਦੁਕਾਨਾਂ ਦੇ ਉਦਘਾਟਨੀ ਸੇਵਾ ਤਕ ਇਹ ਭੱਦਰ ਪੁਰਸ਼ ਲੱਗੇ ਰਹਿੰਦੇ ਹਨ, ਜੇ ਇਨ੍ਹਾਂ ਤੋਂ ਬਚਿਆ ਜਾਵੇ ਤਾਂ ਕਮੇਟੀਆਂ ਦੇ ਪ੍ਰਧਾਨ ਤੇ ਹੋਰ ਘੜੰਮ ਚੌਧਰੀ ਆ ਠਹਿਕਦੇ ਹਨ। ਅਜੇਹੇ ਸ਼ੁਭ ਕੰਮਾਂ ਦਾ ਅਰੰਭ ਜੇ ਅਜੇਹੇ ਲੋਕਾਂ ਤੋਂ ਕਰਾਉਣਾ ਹੋਇਆ ਤਾਂ ਸਿਖ ਸਮਾਜ ਨੂੰ ਆਪਣੇ ਨਿਰਮਾਣ ਸੇਵਕਾਂ ਨੂੰ ਅਗੇ ਲਿਆਕੇ ਉਨ੍ਹਾਂ ਦੇ ਜੀਵਨ ਤੋਂ ਪਰੇਰਨਾ ਲੈਣ ਦਾ ਕੇਹੜਾ ਸਮਾਂ ਮਿਲ ਸਕਦਾ ਹੈ।

ਸਿਖੀ ਜੀਵਨ ਅਧਿਆਤਮਕ ਰਹੱਸ ਵਾਲਾ ਰਿਹਾ ਹੈ, ਪਰੰਤੂ ਅਜ ਕਲ ਦੀ ਸਿਖੀ, ਕਿਵੇਂ ਰਾਜਨੀਤਕ ਜਿਹੀ ਬਣ ਗਈ ਹੈ? ਵੋਟਾਂ ਦੀ ਸਿਖੀ। ਕੋਈ ਨਿਰਣੇ ਜਨਕ ਫੇਸਲਾ ਹੋਵੇ ਆਖਦੇ ਹਨ 'ਅਖੇ! ਆਓ ਵੋਟਾਂ ਨਾਲ ਕਰ ਲਵੋ, ਬੜਾ ਹੀ ਖਤਰਾ ਹੈ ਕਿਸੇ ਦਿਨ ਸ਼ਰੋਮਣੀ ਕਮੇਟੀ ਪੰਥਕ ਇਕਠ ਜਾਂ ਕਨਵੈਨਸ਼ਨ ਸਦ ਕੇ ਬਹੁਸੰਮਤੀ ਨਾਲ ਫੈਸਲਾ ਕਰ ਦੇਵੇ ਕਿ ਇਸ ਵੇਲੇ ਸਰਵੋਤਮ ਪੰਥਕ ਸੰਸਥਾ ਕੇਵਲ ਸ਼ਰੋਮਣੀ ਕਮੇਟੀ ਹੈ। ਗੁਰੂ ਗ੍ਰੰਥ ਅਤੇ ਪੰਥ ਵਾਲੀ ਹੋਰ ਕੋਈ ਗਲ ਨਹੀਂ ਚਲ ਸਕਦੀ ਹਾਲਾਂਕਿ ਇਹ ਕਮੇਟੀ ਪ੍ਰਬੰਧਕ ਹੈ ਨਾਕਿ, ਪੰਥ? ਸਾਡੇ ਧਰਮ ਦੇ ਅਧਾਰ ਜਿਸ ਤਰਾਂ ਕਮਜ਼ੋਰ ਤੇ ਨਿਰਬਲ ਹੋ ਰਹੇ ਹਨ ਸ਼ੋਕ ਹੈ ਸਾਨੂੰ ਇਨ੍ਹਾਂ ਦਾ ਅਹਿਸਾਸ ਵੀ ਨਹੀਂ। ਰਾਜਨੀਤਕ ਉਲਝਨਾਂ ਤੇ ਉਨ੍ਹਾਂ ਵਿੱਚ ਖਚਤ ਹੋਣਾ ਹੀ ਅਜ ਦਾ 'ਪੰਥਕ ਜੀਵਨ' ਬਣ ਗਿਆ ਹੈ।

ਰਾਜਨੀਤੀ ਸਿਖੀ ਲਈ ਕੋਈ ਦੁਖਦਾਈ ਗਲ ਨਹੀਂ 'ਸਿੱਖ' ਨੂੰ ਰਾਜਨੀਤੀ ਦੇ ਖੇਤਰ ਵਿਚ ਆਪਣੇ ਧਰਮ ਦੇ ਆਦਰਸ਼ਾਂ ਤੇ ਉਦੇਸ਼ਾਂ ਦੀ ਛਾਪ ਲਾਉਣ ਲਈ ਵਿਚਰਨਾ ਚਾਹੀਦਾ ਹੈ, ਪਰ ਨਿਰਾ ਰਾਜਨੀਤਕ ਹੋਕੇ, ਹੌਕੇ ਹਾਵੇ ਭਰਦੇ ਰਹਿਣਾ ਅਹੁਦਾ ਖੁਸਣ ਤੋਂ ਕਮਲੇ ਹੋ ਜਾਣਾ, ਮਿਲਣ ਉਤੇ ਲਾਲੀਆਂ ਆ ਜਾਣੀਆਂ ਵਜ਼ੀਰੀ ਨਾਲ ਹੈਂਕੜ ਬਾਜ਼ ਬਣਕੇ ਬਾਕੀਆਂ ਨੂੰ ਬੁਧੂ ਹੀ ਸਮਝਣਾ ਸਿਖੀ ਇਸ ਰਾਜਨੀਤੀ ਦੀ ਸਮੱਰਥਕ ਨਹੀਂ। ਇਹ ਪੰਥ ਅਤੇ ਸਿਖੀ ਦੇ ਨਾਮ ਉਤੇ ਜਬਰ ਹੋ ਰਿਹਾ ਹੈ?

ਇਸ ਤਰਾਂ ਦੀ ਵਿਆਪੀ ਹੋਈ ਨਿਰਾਸਤਾ ਵਿਚ ਘਾਬਰਿਆਂ ਵੀ ਗਲ ਨਹੀਂ ਬਣਦੀ। ਜਿਥੇ ਜਿਥੇ ਸਿਖੀ ਨੂੰ ਸਮਝਣ ਵਾਲੇ ਗੁਰਮੁਖ ਪ੍ਰੇਮੀ ਜਨ ਹਨ ਉਨ੍ਹਾਂ ਨੂੰ ਨਿਜੀ ਤੌਰ ਤੇ ਸਚੀ ਸਿਖੀ ਵੀ ਪਛਾਣ ਤੇ ਸੇਵਾ ਵਿੱਚ ਲਗਿਆ ਰਹਿਣਾ ਚਾਹੀਦਾ ਹੈ। ਅਜੇਹੇ ਅੰਧਕਾਰ ਦੇ ਸਮੇਂ ਸਿਖ ਸਮਾਜ ਵਲੋਂ ਮਾਣ ਕਿਸੇ ਵਲੋਂ ਸਨਮਾਨ ਦੀ ਆਸ਼ਾ ਨਹੀਂ ਰਖਣੀ ਚਾਹੀਦੀ। ਆਪਣੇ ਲਈ, ਆਪਣਿਆਂ ਲਈ ਜੋ ਸੇਵਾ ਸਰਦੀ ਬਣਦੀ ਹੋਵੇ ਕਰਦੇ ਜਾਣਾ ਚਾਹੀਦਾ ਹੈ, ਇਸਤਰਾਂ ਭਿੰਨ ਭਿੰਨ ਥਾਵਾਂ ਤੇ ਬਝਵੇਂ ਪ੍ਰਭਾਵ ਸਿਖੀ ਦੇ ਜੜ ਨੂੰ ਕਾਇਮ ਰੱਖ ਸਕਣਗੇ ਤੇ ਮੌਕਾ ਆਵੇਗਾ ਜਦੋਂ ਇਹ ਧਰਮ*



www.AKJ.Org

# ਕੀਰਤਨ ਸਮਾਗਮ ਅਤੇ ਰਹਿਤ

( ਇਕ ਗੁਰਮਤਿ ਖੋਜੀ ਦੀ ਕਲਮ ਤੋਂ )

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ-ਪੁਰਬ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਅਖੰਡ-ਕੀਰਤਨੀ-ਜੱਥੇ ਵਲੋਂ ਮਾਡਲ ਟਾਊਨ ਲੁਧਿਆਣੇ ਮਨਾਇਆ ਗਿਆ । ਇਕ ਗੁਰਮੁਖ ਵੀਰ ਨੇ ਪੁਛਿਆ ਕਿ ਇਸ ਪ੍ਰੇਮ ਅਖਾੜੇ ਵਿਚ ਗੁਰੂ ਕੇ ਲੰਗਰ ਦੀ ਸੇਵਾ ਤਾਂ ਤਿਆਰ ਬਰ ਤਿਆਰ ਬੀਬੀਆਂ ਜਾਂ ਸਿੰਘ ਹੀ ਕਰਦੇ ਹਨ ਪਰ ਕੀਰਤਨ ਦੀ ਸਟੇਜ ਉਤੇ ਰਹਿਤ ਹੀਣ ਬੀਬੀਆਂ ਕਿਉਂ ਕੀਰਤਨ ਕਰਦੀਆਂ ਹਨ ? ਕੀ ਇਹ ਪਖੰਡ ਨਹੀਂ । ਕੀ ਗੁਰਮਤਿ ਅਸੂਲਾਂ ਨੂੰ ਦੋਨਾਂ ਥਾਵਾਂ ਉਤੇ ਅਪਨਾਉਣਾ ਜ਼ਰੂਰੀ ਨਹੀਂ ।

ਦਾਸ ਨੇ ਉਤਰ ਦਿਤਾ ਕਿ ਦੋਨਾਂ ਥਾਵਾਂ ਉਤੇ ਗੁਰਮਤਿ ਅਸੂਲਾਂ ਨੂੰ ਲਾਗੂ ਕਰਨਾ ਬਹੁਤ ਜ਼ਰੂਰੀ ਹੈ । ਹਰ ਜ਼ਿਲੇ ਦੇ ਲੋਕਲ ਸਮਾਗਮਾਂ ਉਤੇ ਇਹ ਸਵਾਲ ਕਈ ਵਾਰੀ ਉਠਿਆ ਹੈ ਕਿ ਰਹਿਤ ਹੀਣ ਬੀਬੀਆਂ ਕੀਰਤਨ ਸਟੇਜ ਉਤੇ ਆਉਣ ਜਾਂ ਨਾ ਆਉਣ । ਮੇਰੀ ਸਮਝ ਵਿਚ ਹੇਠ ਲਿਖੇ ਕਾਰਨਾਂ ਕਰਕੇ ਕੇਵਲ ਤਿਆਰ ਬਰ ਤਿਆਰ ਬੀਬੀਆਂ ਨੂੰ

---

*ਆਪਣੇ ਮੂਲ ਗੁਣਾਂ ਦੀ ਸੁਗੰਧੀ ਨਾਲ ਫਿਰ ਅਭਿਲਾਸ਼ੀਆਂ ਨੂੰ ਸਰਸ਼ਾਰ ਕਰ ਦੇਵੇਗਾ ।

ਪਿਛਲੇ ਦਿਨੀਂ ਚੰਡੀਗੜ ਵਿਚ ਇਕ ਕੀਰਤਨ ਸਮਾਗਮ ਸੀ। ਸ: ਕਪੂਰ ਸਿੰਘ ਜੀ ਕੀਰਤਨ ਸੁਣਨ ਪਿਛੋਂ ਕੀਰਤਨੀ ਜਥੇ ਦੇ ਕਿਰਤੀ ਸਿੰਘਾਂ ਦੀ ਰਹਿਤ ਬਹਿਤ ਦੇਖ ਕੇ ਪੁਛਣ ਲਗੇ 'ਅਜੇਹੇ ਸਿੰਘ ਕਿਤਨੇ ਕੁ ਹੋਣਗੇ।' ਮੁਰਾਦ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਥੇ ਦੇ ਪ੍ਰੇਮੀ ਸਿੰਘਾਂ ਤੋਂ ਸੀ, ਮੈਂ ਦਸਿਆ ਕਿ ਪੰਜ ਕੁ ਹਜ਼ਾਰ ਜ਼ਰੂਰ ਹੋਣਗੇ। ਕੀ ਹਰ ਥਾਂ ਇਸੇ ਤਰਾਂ ਕੀਰਤਨ ਤੇ ਸਿਖੀ ਦੀ ਰੂਹ ਦੀ ਜੋਤ ਜਗਾਉਂਦੇ ਹਨ ? ਮੇਰਾ ਉਤਰ ਹਾਂ ਵਿਚ ਸੀ। ਤਾਂ ਫਿਰ ਇਸ ਵੇਲੇ ਸਿਖੀ ਦੀ ਸੰਭਾਲ ਦੀ ਸੇਵਾ ਏਹੋ ਕਰ ਰਹੇ ਹਨ ? ਉਨ੍ਹਾਂ ਕਿਹਾ ਇਸਲਾਮ ਦਾ ਜਦੋਂ ਪਤਨ ਹੋਇਆ ਮੁਕਤਬਾਂ ਦੇ ਮੌਲਾਣਿਆਂ ਨੇ ਇਸ ਨੂੰ ਸੰਭਾਲਿਆ ਸੀ । ਸਿਖਾਂ ਦੇ ਗੁਰਦੁਆਰੇ ਇਹ ਕੰਮ ਨਹੀਂ ਕਰ ਰਹੇ ਸ਼ੁਕਰ। ਹੈ ਇਕ ਕਿਸਮ ਸਿਖਾਂ ਵਿਚ ਅਜੇਹੀ ਹੈ ਜਿਸਨੇ ਰੂਹਾਨੀ ਟੇਕ ਪਕੜੀ ਹੋਈ ਅਤੇ ਸਿਖੀ ਗੁਣਾਂ ਉਤੇ ਦ੍ਰਿੜਤਾ ਨਾਲ ਪਹਿਰਾ ਦੇ ਰਹੀ ਹੈ ।

ਭਾਈ ਸਾਹਿਬ ਜੀ ਦੇ ਪ੍ਰੇਮੀ ਜਥਿਆਂ ਦੇ ਨਾਲ ਕਿਸੇ ਗਲੋਂ ਕਿਸੇ ਦਾ ਮਤਭੇਦ ਹੋ ਸਕਦਾ ਹੈ, ਪਰ ਇਕ ਗਲ ਮਾਨ-ਨੀਯ ਹੈ ਕਿ, ਸਚੀ ਸਿਖੀ ਦੀ ਸੇਵਾ ਇਹ ਜਥਾ ਸਭ ਤੋਂ ਵਧਕੇ ਕਰ ਰਿਹਾ ਹੈ। ਕਈ ਹੋਰ ਗੁਰਮੁਖ ਪਿਆਰੇ ਤੇ ਪ੍ਰੇਮੀ ਜਨ ਵੀ ਆਪੋ ਆਪਣੇ ਥਾਂ ਨਿਸ਼ਕਾਮਤਾ ਨਾਲ ਲਗੇ ਹੋਏ ਹਨ, ਉਹ ਧੰਨ ਹਨ, ਅਜੇਹੇ ਗੁਰਸਿਖਾਂ ਦੀ ਜੋ ਸਿਖੀ ਦੇ ਵਾਧੇ ਲਈ ਮਨੁਖ ਵੀ ਸਾਡੇ ਲਈ ਕੰਮ ਕਰ ਰਹੇ ਹਨ ਉਨ੍ਹਾਂ ਤੋਂ ਅਸੀਂ ਸੌ ਸੌ ਵਾਰੀ ਬਲਿਹਾਰ ਜਾਂਦੇ ਹਾਂ ।



www.AKJ.Org

ਹੀ ਕੀਰਤਨ ਸਟੇਜ ਉਤੇ ਆਉਣ ਦੀ ਆਗਿਆ ਦਿਤੀ ਜਾਣੀ ਚਾਹੀਦੀ ਹੈ।

ਪਹਿਲੀ ਗਲ—ਕਿ ਇਹ ਅਖੰਡ ਕੀਰਤਨੀ ਜਥਾ ਕੇਵਲ ਇਕੋ ਇਕ ਜੱਥਾ ਹੈ, ਜੋ ਬਿਨਾਂ ਕਿਸੇ ਮਾਇਕ ਲੋਭ ਦੇ ਤੱਤ ਗੁਰਮਤਿ ਦਾ ਪ੍ਰਚਾਰ ਕਰ ਰਿਹਾ ਹੈ।ਕੀਰਤਨ ਤਾਂ ਹੋਰ ਕਈ ਜੱਥੇ ਵੀ ਕਰਦੇ ਹਨ ਤੇ ਇਕ ਤਰ੍ਹਾਂ ਦਾ ਗੁਰਬਾਣੀ ਦਾ ਪ੍ਰਚਾਰ ਹੀ ਕਰਦੇ ਹਨ, ਪਰ ਅੰਮ੍ਰਿਤ-ਸੰਚਾਰ ਵੇਲੇ, ਕੀਰਤਨ ਵੇਲੇ ਤੇ ਲੰਗਰ ਵੇਲੇ, ਗੁਰਮਤਿ ਰਹਿਤ-ਬਹਿਤ ਨੂੰ ਮਹਾਨਤਾ ਤੇ ਪਹਿਲ ਦੇਣੀ ਏਸੇ ਪੇਰਮ-ਅਖਾੜੇ ਦੇ ਹਿਸੇ ਆਇਆ ਹੈ। ਆਮ ਥਾਵਾਂ ਤੇ ਮਾਇਅਕ ਤੇ ਲੋਕ, ਲਾਜ਼ੀ ਅਸੂਲਾਂ ਦੀ ਪ੍ਰਧਾਨਤਾ ਹੈ।

ਦੂਸਰੀ ਗਲ,ਗੁਰਦੇਵ ਜੀ ਦਾ ਹੁਕਮ ਹੈ—

ਰਹਿਤ ਪਿਆਰੀ ਮੋਹਿ ਕਉ, ਸਿੱਖ ਪਿਆਰਾ ਨਾਹਿ ॥

ਇਸੇ ਹੁਕਮ ਨੂੰ ਅਮਲ ਵਿਚ ਲਿਆਉਣ ਕਰਕੇ ਗੁਰਦੇਵ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਦਿਤਾ ਕਿ ਧੀਰ ਮਲੀਆਂ,ਰਾਮ ਰਾਈਆਂ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ।

ਜ਼ਰਾ ਸੋਚਣ ਵਾਲੀ ਗਲ ਹੈ ਕਿ ਗੁਰਦੇਵ ਜੀ ਨੇ ਗੁਰਸਿੱਖਾਂ ਨੂੰ ਆਪਣੇ ਬਚਿੱਆਂ ਤੇ ਰਿਸ਼ਤੇ-ਦਾਰਾਂ (ਧੀਰ ਮਲ, ਰਾਮ ਰਾਇ) ਨਾਲ ਸਾਂਝ ਰਖਣ ਦੀ ਕਿਉਂ ਮਨਾਹੀ ਕੀਤੀ। ਕੀ ਉਨ੍ਹਾਂ ਨੂੰ ਆਪਣੇ ਰਿਸ਼ਤੇਦਾਰਾਂ ਨਾਲ ਨਫ਼ਰਤ ਸੀ ? ਕਿਉਂਕਿ ਗੁਰਦੇਵ ਜੀ ਦੇ ਕਈ ਬਚਿਆਂ ਨੇ ਗੁਰੂ ਘਰ ਦੀ ਵਿਰੋਧਤਾ ਕੀਤੀ। ਵਖਰੀ ਗੁਰਗੱਦੀ ਚਲਾ ਲਈ, ਜਾਂ ਸਮੇਂ ਦੀ ਹਕੂਮਤ ਨਾਲ ਮਿਲ ਕੇ ਗੁਰਮਤਿ ਮਾਰਗ ਨੂੰ ਛੱਡ ਗਏ। ਤੱਤ ਗੁਰਮਤਿ ਅਸੂਲਾਂ ਨੂੰ ਮੁੱਖ ਰਖਕੇ ਸਾਡੇ ਗੁਰਦੇਵ ਜੀ ਨੇ ਆਪਣੇ ਗੁਰਸਿੱਖਾਂ ਨੂੰ ਆਪਣੇ ਉਨ੍ਹਾਂ ਰਿਸ਼ਤੇਦਾਰਾਂ ਨਾਲ ਵਰਤਣ ਤੋਂ ਰੋਕ ਦਿਤਾ ਜੋ ਤੱਤ ਗੁਰਮਤਿ ਮਾਰਗ ਤੋਂ ਡਿਗ ਚੁਕੇ ਸਨ। ਕੀ ਅਸੀਂ ਏਨਾਂ ਵੀ ਨਹੀਂ ਕਰ ਸਕਦੇ ਕਿ ਕੇਵਲ ਰਹਿਤਵਾਨ ਸਿੰਘ ਜਾਂ ਸਿੰਘਣੀਆਂ ਹੀ ਕੀਰਤਨ-ਸਟੇਜ ਉਤੇ ਕੀਰਤਨ ਕਰਨ। ਸਾਨੂੰ ਮਿੱਠੀਆਂ ਸੁਰਾਂ, ਅਤੇ ਚੰਗੀਆਂ ਸਖਸ਼ੀਅਤਾਂ ਨਾਲੋਂ ਰਹਿਤ ਨੂੰ ਮੁਖ ਰਖਣਾ ਚਾਹੀਦਾ ਹੈ।

ਤੀਸਰੀ ਗਲ—ਜੇ ਇਹ ਅਖੰਡ-ਕੀਰਤਨੀ ਜੱਥਾ ਵੀ ਨਾਮ-ਧਰੀਕ ਸਿੱਖਾਂ ਨੂੰ ਕੀਰਤਨ-ਸਟੇਜ ਉਤੇ ਬੈਠਣ ਦੀ ਖੁਲ੍ਹ ਦੇਣ ਲਗ ਪਿਆ, ਤਾਂ ਹੌਲੀ ਹੌਲੀ ਰਹਿਤਵਾਨ ਬੀਬੀਆਂ ਦੀ ਗਿਣਤੀ ਘੱਟਦੀ ਹੀ ਜਾਵੇਗੀ। ਨੌਜਵਾਨ ਬਚੀਆਂ ਨੂੰ ਰਹਿਤ ਰਖਣ ਲਈ ਕੋਈ ਉਤਸ਼ਾਹ ਨਹੀਂ ਮਿਲੇਗਾ। ਰਹਿਤ ਲਈ ਉਤਸ਼ਾਹ ਦੇਣ ਲਈ ਵੀ ਇਸ ਅਸੂਲ ਨੂੰ ਪੂਰੀ ਦ੍ਰਿੜਤਾ ਨਾਲ ਕਮਾਉਣਾ ਜ਼ਰੂਰੀ ਹੈ।

ਚੌਥੀ ਗਲ—ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਸੰਬੰਧਤ ਇਸ ਪੇਰਮ-ਅਖਾੜੇ ਵਿਚ ਇਹੋ ਹੀ ਗੁਣ ਰਿਹਾ ਹੈ ਕਿ ਇਥੇ ਹਰ ਕਾਰਜ ਵੇਲੇ ਤੱਤ ਗੁਰਮਤਿ ਰਹਿਤ ਨੂੰ ਪਹਿਲ ਦਿਤੀ ਜਾਂਦੀ ਰਹੀ ਹੈ। ਕੀਰਤਨ-ਸਟੇਜ ਉਤੇ ਜੇ ਢਿਲੇ ਹੋਣ ਦੀ ਆਗਿਆ ਦੇ ਦਿਤੀ ਜਾਵੇ ਤਾਂ ਹੋਰ ਸੰਸਾਰੀਆਂ ਨੂੰ ਇਹੋ ਅਨੁਭਵ ਹੋਵੇਗਾ। ਕਿ ਭਾਈ ਸਾਹਿਬ ਦੇ ਪੂਰੇ ਹੋਣ ਪਿਛੋਂ ਹੁਣ ਇਸ ਪਰੇਮ-ਅਖਾੜੇ ਵਿਚੋਂ ਤਤ-ਗੁਰਮਤਿ ਉਡ ਰਹੀ ਹੈ। ਸਾਨੂੰ ਗੁਰੂ ਪਰੇਮ ਖਾਤਰ ਭਾਈ ਸਾਹਿਬ ਦੇ ਨਿਕਟਵਰਤੀ ਹੋਣ ਦੇ ਨਾਤੇ ਇਹ ਤੱਤ ਮਰਯਾਦਾ ਕਾਇਮ ਰਖਣੀ ਚਾਹੀਦੀ ਹੈ ਕਿਉਂਕਿ ਅਸਾਂ ਬਹੁਤਿਆਂ ਨੇ ਉਸ ਰੋਮ ਰੋਮ ਰੱਤੀ ਰੂਹ ਦੇ ਕਈ ਸਾਲ ਦਰਸ਼ਨ ਕੀਤੇ ਹਨ, ਜੋ ਸਾਲਾਂ ਬੱਧੀ ਕੀਰਤਨ-ਅਖਾੜਿਆਂ ਵਿਚ ਵਿਗਸਦੀ ਰਹੀ ਹੈ।*



www.AKJ.Org

# ਜਾਗੋ ! ਜਾਗੋ !! ਜਾਗੋ !!

ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ

[ ਲੜੀ ਜੋੜਨ ਲਈ ਅਕਤੂਬਰ ਦਾ ਪ੍ਰਚਾ ਵੇਖੋ ]

## ਜਾਗਨ ਤੇ ਸੁਪਨਾ ਭਲਾ

ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖ ਨਿਕਸੈ ਰਾਮੁ ॥
ਤਾ ਕੇ ਪਗ ਕੀ ਪਾਹਨੀ, ਮੇਰੇ ਤਨਕੋ ਚਾਮ ॥

ਕਬੀਰ ਸਾਹਿਬ ਜੀ ਦੇ ਇਸ ਉਪਰੋਕਤ ਸਲੋਕ ਅਨੁਸਾਰ ਧੰਨ ਹਨ ਉਹ ਪ੍ਰਾਣੀ ਜੋ ਇਸ ਸਰੀਰਕ ਨਿੰਦ੍ਰਾ ਦੀ ਪੂਰਤੀ ਕਰਦੇ ਹੋਇ ਸੁਪਨੇ ਵਿਚ ਭੀ, ਕੀਰਤਨ ਅਖਾੜਿਆਂ, ਗੁਰਮੁਖ ਮੰਡਲੀ ਸਤਸੰਗ ਸਮਾਗਮਾਂ ਵਿਖੇ ਅਪਨੇ ਆਪ ਜੁੜ ਬੈਠਾ ਦੇਖਦੇ ਹਨ ਅਥਵਾ ਹਰਿ ਜਸ ਸੁਣਦੇ ਹਨ, ਕਥਾ ਕੀਰਤਨ, ਜਪੁਜੀ, ਸੁਖਮਨੀ, ਸਾਹਿਬ ਜੀ ਦਾ ਪਾਠ ਸੁਤੇ ਪਏ ਵੀ ਮੁਖੋਂ ਉਚਾਰਨ ਕਰਦੇ ਹਨ ਤੇ ਇਹ ਅਮਿਓ ਰਸ ਭੁੰਚਦੇ ਹਨ। ਐਸੇ ਸੁਪਨੇ ਦੇ ਅਧਿਕਾਰੀ ਗੁਰਮੁਖ ਜਨ ਹੀ ਹਨ, ਨਾ ਕਿ ਹਮਾਤੜ ਸਾਥੀ ਅਤੇ ਆਮ ਲੁਕਾਈ। ਗੁਰੂ ਸਾਹਿਬਾਂ ਨੇ ਐਸੀ ਨਿੰਦ੍ਰਾ ਨੂੰ ਸਨਮਾਨਿਆ ਹੈ ਯਥਾ ਗੁਰਵਾਕ:-

ਸਜਣ ਮੁਖ ਅਨੂਪੁ ਅਠੇ ਪਹਰ ਨਿਹਾਲਸਾ ॥
ਸੁਤੜੀ ਸੋ ਸਹੁ ਡਿਠੁ, ਤੈ ਸੁਪਨੇ ਹਉ ਖਨੀਐ ॥

ਜਿਸ ਪ੍ਰਾਣੀ ਨੇ ਸਾਰਾ ਦਿਨ ਚਾਰਸਉ ਵੀਹ (੪੨੦) ਦੇ ਚਕ੍ਰ ਵਿਚ ਪਿਆ ਰਹਿਣਾ ਹੈ, ਹੇਰਾਫੇਰੀ ਠਗੀ ਝੂਠ, ਫਰੇਬ, ਛਲ ਕਪਟ ਦਾ ਵਿਹਾਰ ਕਰਦੇ ਰਹਨਾ ਹੈ, ਮਾਇਆ ਦੀਆਂ ਚਾਰ ਕੌਡੀਆਂ ਨੂੰ ਹੀ ਇਕਠਾ ਕਰਨਾ ਮੁਖ ਮਕੱਸਦ ਸਮਝਿਆ ਹੋਇਆ

---

* ਪੰਜਵੀਂ ਗਲ—ਭਾਈ ਸਾਹਿਬ ਦੇ ਨਿਕਟ-ਵਰਤੀ ਅਨੇਕਾਂ ਬਜ਼ੁਰਗ ਸਿੰਘ ਅਜੇ ਜਿਉਂਦੇ ਹਨ ਜਦੋਂ ਰਹਿਤ-ਹੀਣ ਬੀਬੀਆਂ ਕੀਰਤਨ-ਸਟੇਜ ਤੇ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਮਾਨਸਿਕ ਦੁਖ ਹੁੰਦਾ ਹੈ। ਅਸਾਂ ਨੌਜਵਾਨ ਗੁਰਸਿੱਖਾਂ ਨੂੰ ਉਨ੍ਹਾਂ ਬਜ਼ੁਰਗਾਂ ਦੇ ਸੁੱਖ ਤੇ ਸੱਚੀ ਖੁਸ਼ੀ ਲਈ ਇਸ ਮਰਿਆਦਾ ਨੂੰ ਨਿਭਾਉਣ ਦੀ ਦਲੇਰੀ ਤੇ ਸਿਰੜ੍ਹ ਦਿਖਾਉਣਾ ਚਾਹੀਦਾ ਹੈ। ਅਜਿਹੇ ਪੁਰਾਤਨ ਬਜ਼ੁਰਗ ਜੋ ਚੌਵੀ ਘੰਟੇ ਸਮਾਧੀ ਲਈ ਬੈਠੇ ਰਹਿੰਦੇ ਹਨ ਤੇ ਨਾਮ-ਰਸ ਦਾ ਸੁਆਦ ਮਾਣਦੇ ਹਨ, ਵਾਸਤੇ ਜੇ ਅਸੀਂ ਏਨਾਂ ਵੀ ਸਿਰੜ੍ਹ ਨਹੀਂ ਨਿਭਾ ਸਕਦੇ, ਤਾਂ ਇਸ ਸਾਰੇ ਪ੍ਰਪੰਚ ਦਾ ਨਵੀਂ ਨੌਜਵਾਨ ਪਨੀਰੀ ਉਤੇ ਕੋਈ ਚੰਗੇਰਾ ਅਸਰ ਨਹੀਂ ਹੋਵੇਗਾ। ਸੋ ਪਿਆਰਿਓ ! ਤੱਤ ਗੁਰਮਤਿ ਦੇ ਪਰਚਾਰ ਖਾਤਰ, ਸੋਨੇ ਦੀ ਚਿੜੀ ਦੇ ਸਤਿਕਾਰ ਖਾਤਰ, ਬਜ਼ੁਰਗ ਸਿੰਘਾਂ ਦੇ ਮਾਣ ਖਾਤਰ ਅਤੇ ਨੌਜਵਾਨ ਬਚਿਆਂ ਦੀ ਯੋਗ ਅਗਵਾਈ ਖਾਤਰ ਇਸ ਤੱਤ-ਗੁਰਮਤਿ ਦੇ ਅਸੂਲ ਨੂੰ ਘਟ ਤੋਂ ਘਟ ਕੀਰਤਨ ਸਟੇਜ ਉਤੇ ਕਾਇਮ ਰਖਣਾ ਚਾਹੀਦਾ ਹੈ।

—o—



www.AKJ.Org

ਹੈ, ਬਕ ਟੁਟ ਕੇ ਮੰਜੇ ਤੇ ਆ ਡਿਗਣਾ, ਕੀਰਤਨ ਸੋਹਿਲਾ ਪੜਨਾ ਚਿਤ ਚੇਤੇ ਹੀ ਨਹੀਂ ਹੈ, ਬਾਰਾਂ ਬਾਰਾਂ ਵਜੇ ਤਕ ਗੰਦੇ ਮੰਦੇ,ਚਟਮਕੀਲੇ,ਕਾਮਵਾਸ਼ਨਾ ਯੁਕਤ ਫ਼ਿਲਮਾਂ ਸਿਨੇਮਾਂ ਵੇਖਦੇ ਰਹਿਨਾ ਹੈ, ਸਾਰਾ ਦਿਨ ਉਠਦੇ ਬੈਠਦੇ ਫਿਲਮੀ ਟਯੂਨਾਂ ਹੀ ਰਟਦੇ ਰਹਿਨਾ ਹੈ ਤਾਂ ਕੀ ਐਸੇ ਮਨਮੁਖ ਨੇ ਸੁਪਨੇ ਵਿਚ ਇਹਨਾਂ ਉਪਰੋਕਤ ਵਰ੍ਹਾਂ ਵਿਚ ਭਟਕਦੇ ਨਹੀਂ ਰਹਿਨਾ।

ਆਹ ਦੇਖੋ ਗੁਰਬਾਣੀ ਦੇ ਪ੍ਰਮਾਣਾਂ ਦੀ ਸੁੰਦਰ ਝਲਕ ਨੂੰ ਜਿਸ ਵਿਚ ਗੁਰਮੁਖ ਜਗਿਆਸੂ ਸੁਪਨ ਅਵਸਥਾ ਵਿਚ ਮਨ-ਮੋਹਨੇ ਪ੍ਰੀਤਮ ਨੂੰ ਵੇਖਕੇ ਮੋਹਤ ਹੋ ਜਾਂਦਾ ਹੈ ਤੇ ਜਾਗ੍ਰਤ ਅਵਸਥਾ ਆਨ ਤੇ ਇਸ ਵਿਛੋੜੇ ਨੂੰ ਯਾਦ ਕਰ ਕਰਕੇ ਤੜਪ ਉਠਦਾ ਹੈ, ਤੇ ਐਸੇ ਸੁਪਨੇ ਨੂੰ ਫੇਰ ਫੇਰ ਤਰਲੇ ਕਰਕੇ ਬੁਲਾਂਦਾ ਹੈ।

ਯਥਾ ਗੁਰਵਾਕ:—

ਸੁਪਨੈ ਊਭੀ ਭਈ, ਗਹਿਓ ਕੀਨ ਅਚੱਲਾ ॥
ਸੁੰਦਰ ਪੁਰਖ ਬਿਰਾ ਜਿਤ ਮਨੁ ਬਚੇਲਾ ॥
ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥
ਹਰਿਹਾ ਸੋਈ ਜਤਨੁ ਬਤਾਇ ਸਖੀ ਪ੍ਰਿਉ ਪਾਈਐ ॥
ਸੁਪਨੈ ਆਇਆ ਭੀ ਗਇਆ, ਮੈ ਜਲੁ ਭਰਿਆ ਰੋਇ ॥
ਆਇ ਨ ਸਕਾ ਤੁਝ ਕਨਿ ਪਿਆਰੇ, ਭੇਜਿ ਨ ਸਕਾ ਕੋਇ ॥
ਆਉ ਸੁਭਾਗੀ ਨੀਦੜੀਏ, ਮਤੁ ਸਹੁ ਦੇਖਾ ਸੋਇ ॥

ਇਸ ਲਈ ਉਹ ਸੁਪਨਾ, ਉਹ ਨਿੰਦ੍ਰਾ ਧਨਤਾ ਯੋਗ ਕਹੀ ਗਈ ਹੈ ਜਿਸ ਅੰਦਰ ਪ੍ਰਭ ਚਿਤ ਆਉਂਦਾ ਹੈ। ਯਥਾ ਗੁਰਵਾਕ:—

ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥

## ਕੀ ਅਕਾਲ ਪੁਰਖ ਜਾਗਦਾ ਅਤੇ ਸੌਂਦਾ ਹੈ

ਕੀ ਅਕਾਲ ਪੁਰਖ ਵੀ ਜਾਗਦਾ ਅਤੇ ਸੌਂਦਾ ਹੈ ਇਸ ਬਾਰੇ ਕਬੀਰ ਸਾਹਿਬ ਜੀ ਦੀ ਲੜਕੀ ਕਮਾਲੀ ਅਤੇ ਇਕ ਜੋਗੀ ਦੀ ਜੋ ਦਰਵਾਜੇ ਤੇ ਆਕੇ ਅਲੱਖ ਜਾਗੇ ਦਾ ਬੋਲਾ ਬੋਲਦਾ ਹੈ, ਇਹਨਾਂ ਦੇ ਆਪਸੀ ਵਾਦ ਵਿਵਾਦ ਦਾ ਇਥੇ ਇਸ਼ਾਰੇ ਮਾਤ੍ਰ ਲਿਖਣਾ ਰੋਚਕਤਾ ਤੋਂ ਖਾਲੀ ਨਹੀਂ ਹੋਇਗਾ।

ਜੋਗੀ:— (ਉਚੀ ਆਵਾਜ਼ ਵਿਚ)—ਅਲੱਖ ਜਾਗੇ।

(ਭਾਵ ਕਿ ਅਲਖ, ਨ ਲਖਿਆ ਜਾਨੇ ਵਾਲਾ, ਅਕਾਲ ਪੁਰਖ ਸਦਾ ਜਾਗਦਾ ਰਹਿੰਦਾ ਹੈ।)

ਕਮਾਲੀ— ਨ ਜਾਗੇ ਨ ਸੋਏ ॥

(ਕਮਾਲੀ ਦਾ ਉਤਰ ਸੀ ਕਿ ਅਕਾਲ ਪੁਰਖ ਨਾ ਜਾਗਦਾ ਹੈ ਨਾ ਸੌਂਦਾ ਹੈ)

ਜੋਗੀ—(ਅਸਚਰਜਤਾ ਵਿਚ)— ਕਿਉਂ— ਕਿਵੇਂ।

ਕਮਾਲੀ—ਜਿਉਂ ਕਾ ਤਿਉਂ—ਜਿਵੇਂ ਦਾ ਤਿਵੇਂ।

(ਕਮਾਲੀ ਦਾ ਭਾਵ ਇਹ ਸੀ ਕਿ ਪ੍ਰਮਾਤਮਾ ਇਕੋ ਜੇਹਾ ਰਹਿੰਦਾ ਹੈ, ਇਕ ਰਸ ਰਹਿੰਦਾ ਹੈ। ਕਿਉਂਕਿ ਦ੍ਵੈ ਚਕ੍ਰ ਮੁਤਾਬਕ ਜੇ ਕਰ ਦਿਨ ਹੈ ਤਾਂ ਰਾਤ ਲਾਜ਼ਮੀ ਹੋਇਗੀ, ਸੁਬਹ ਹੈ ਤਾਂ ਸ਼ਾਮ ਨਾਲ ਹੈ, ਜੰਮਨਾ ਹੈ, ਤਾਂ ਮਰਨਾ, ਖੁਸ਼ੀ ਹੈ, ਤਾਂ ਗਮੀ, ਅੰਧੇਰਾ ਹੈ ਤਾਂ ਪ੍ਰਕਾਸ਼ ਅਤੇ ਇਸ ਤਰੀਕੇ ਨਾਲ ਜੇ ਸੌਣ ਹੈ, ਤਾਂ ਜਾਗਨਾ ਅਥਵਾ ਜਾਗਨਾ ਹੈ ਤਾਂ ਸੌਣਾ ਹੈ। ਇਸ ਲਈ ਅਕਾਲ ਪੁਰਖ ਇਸ ਦ੍ਵੈ ਚਕ੍ਰ ਤੋਂ ਪਰੇ ਹੈ ਉਹ ਨ ਸੌਂਦਾ ਹੈ ਨ ਜਾਗਦਾ, ਸਦੇਵ ਇਕ ਰਸ, ਇਕੋ ਜੇਹਾ ਰਹਿੰਦਾ ਹੈ। ਉਹ ਅਬਿਨਾਸੀ,ਸਚ ਚਿਤ ਆਨੰਦ,ਪਰਿ ਪੂਰਨ ਅਕਾਲ ਪੁਰਖ "ਆਦਿ ਸਚੁ ॥ ਜੁਗਾਦਿ ਸਚੁ ॥ ਹੈ ਭੀ



www.AKJ.Org

ਸਚੁ ॥ ਨਾਨਕ ਹੋਸੀ ਭੀ ਸਚੁ ॥ ਸਦਾ ਇਕ ਰਸ ਹੈ । )

ਜੋਗੀ:—(ਕੋਈ ਉਤਰ ਨ ਬਨਣ ਤੇ ਆਪਨੀ ਅਕਲ ਨੂੰ ਲਾਹਣਤ ਪਾ ਕੇ ਕਹਿੰਦਾ ਹੈ)

ਵਾਹ ਵਾਹ ਹੋਈ ॥

ਕਮਾਲੀ:—(ਵਿਸਮਾਦ ਹਾਲਤ ਵਿਚ ਪਹੁੰਚ ਜਾਂਦੀ ਹੈ ਤੇ ਕਹਿੰਦੀ ਹੈ )

ਵਿਰਲਾ ਬੂਝੈ ਕੋਈ ॥

ਕਮਾਲੀ ਦਾ ਭਾਵ ਸੀ ਕਿ ਵਾਹੁ ਵਾਹੁ ਦਾ ਹੀ ਸਾਰਾ ਪਸਾਰਾ ਹੈ ਤੇ ਇਸ ਵਾਹੁ ਵਾਹੁ ਦੇ ਭੇਤ ਨੂੰ ਕੋਈ ਵਿਰਲਾ ਗੁਰਮੁਖ ਜਨ ਹੀ ਬੁਝਦਾ ਹੈ ਨਹੀਂ ਤਾਂ ਸਾਰੀ ਲੁਕਾਈ ਸੁਤੀ ਹੀ ਪਈ ਹੈ ।

ਯਥਾ ਗੁਰਵਾਕ:—

ਵਾਹੁ ਵਾਹੁ ਕਾ ਬਡਾ ਤਮਾਸਾ ॥
ਆਪੇ ਹਸੈ ਆਪਿ ਹੀ ਚਿਤਵੈ, ਚੰਦ ਸੂਰੁ ਪਰਗਾਸਾ ॥
ਆਪੇ ਜਲੁ ਆਪੇ ਥਲੁ ਥੰਮਨ ਆਪੇ ਕੀਆ ਘਟਿ ਘਟਿ ਬਾਸਾ ॥
ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ ॥
ਗੁਰਮੁਖਿ ਸੰਗਤਿ ਸਭੈ ਬਿਚਾਰਹੁ, ਵਾਹੁ ਵਾਹੁ ਕਾ ਬਡਾ ਤਮਾਸਾ ॥

ਤਾਂ ਤੇ ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਗਿਆ ਕਿ ਅਕਾਲ ਪੁਰਖ ਜਾਗਨ ਸੋਣ ਤੋਂ ਰਹਿਤ ਹੈ। ਉਹ ਇਕ ਰੰਗ, ਇਕ ਰਸ, ਸਦੈ ਇਕੋ ਜਿਹਾ ਰਹਿੰਦਾ ਹੈ।

## ਸਾਰ ਸਿੱਟਾ

ਗੁਰਬਾਣੀ ਅਥਾਹ ਸਮੁੰਦਰ ਦੀ ਤਰ੍ਹਾਂ ਸ਼ਬਦ ਰੂਪੀ ਰਤਨ, ਜਵਾਹਰ, ਮਾਣਕ, ਲਾਲਾਂ ਨਾਲ ਭਰਪੂਰ ਹੈ ਤੇ ਸਮਗ੍ਰ ਗੁਰ ਸ਼ਬਦ ਇਨ-ਸਾਨ ਨੂੰ ਜਗਾਨ ਲਈ ਅਨੇਕਾਂ ਦਲੀਲਾਂ, ਅਨੇਕਾਂ ਤਰੀਕਿਆਂ ਨਾਲ ਅਕੂੰਸ ਅਥਵਾ ਰਾਮ ਭਗਤ ਅਨਿਆਲੇ ਤੀਰ ਮਾਰ ਮਾਰ ਕੇ ਜਾਗਨ ਦੀ ਪ੍ਰੇਰਨਾ ਦੇ ਰਹੇ ਹਨ। ਜੋ ਇਨਸਾਨ ਇਸ ਵਡਮੁਲੀ ਦਾਤ, ਅਮੋਲਕ ਮਨੁਖਾ ਜਨਮ, ਦੁਲਭ ਦੇਹੀ ਨੂੰ ਪਾ ਕੇ ਆਪਨੇ ਨਿਜ ਰੂਪ "ਮਨ ਤੂੰ ਜੋਤਿ ਸਰੂਪ ਹੈ" ਦੀ ਲਖਤਾ ਨਹੀਂ ਕਰ ਰਿਹਾ ਉਸ ਨੂੰ ਇਝ ਹੀ ਸਮਝੋ ਜਿਵੇਂ ਕਿਸੇ ਨੂੰ ਲੋਹੇ ਦੀ ਬੇੜੀ ਅਥਵਾ ਹਥਕੜੀ ਦੇ ਬਦਲੇ ਸੋਨੇ ਦੀ ਹਥਕੜੀ ਥੋੜੀ ਦੇਰ ਲਈ ਪਵਾ ਦਿਤੀ ਜਾਏ ਤਾਂ ਉਸ ਨੂੰ ਕੀ ਲਾਭ ਹੈ:— ਉਹ ਤਾ ਬੱਧਾ ਹੀ ਰਿਹਾ। ਤਾਂ ਤੇ ਅਸਾਂ ਨੇ ਬੰਧਨਾਂ ਤੋਂ ਮੁਕਤ ਹੋਣਾ ਹੈ ਨ ਕਿ ਸੋਨੇ ਦੀ ਹਥਕੜੀ ਪਾ ਕੇ ਅਸਲੀਅਤ ਤੋਂ ਵਾਂਝਾ ਹੀ ਰਹਿਣਾ ਹੈ ਇਸ ਲਈ ਅਸਲੀਅਤ ਨੂੰ ਸਮਝਨ ਲਈ ਅਸੀਂ ਗੁਰਮਤਿ ਗ੍ਰਹਿਨ ਕਰਨੀ ਹੈ, ਸਚੀ ਜਾਗ੍ਰਤ ਅਵਸਥਾ ਪ੍ਰਾਪਤ ਕਰਨੀ ਤੇ ਇਸ ਲਈ ਮਨੁਖਾ ਦੇਹੀ ਨੂੰ ਅੰਮ੍ਰਿਤ ਦੀ ਜਾਗ (ਅੰਮ੍ਰਿਤ ਪਾਨ) ਪੂਰਨ ਗੁਰਦੇਵ ਤੋਂ ਲਗਵਾਨੀ ਅਤਿ ਜ਼ਰੂਰੀ ਹੈ। ਅਮ੍ਰਿਤਪਾਨ ਕਰਨਾ ਇਸ ਗੁਰਮਤਿ ਮਾਰਗ ਤੇ ਪਹਿਲਾ ਕਦਮ ਰਖਨਾ ਹੈ।

—o—

---

## ਚਿਟ ਨੰਬਰ ਦਾ ਹਵਾਲਾ ਕਿਉਂ ਜ਼ਰੂਰੀ ਹੈ ?

ਪਾਠਕਾਂ ਨੂੰ ਬਿਨੇ ਕੀਤੀ ਜਾਂਦੀ ਹੈ ਕਿ ਜਦੋਂ ਵੀ ਇਸ ਦਫ਼ਤਰ ਨਾਲ, ਪੁਛ ਗਿਛ ਦੀ ਕਿਸੇ ਤਰ੍ਹਾਂ ਦਾ ਵੀ ਚਿਠੀ-ਪੱਤਰ ਕਰਨਾ ਹੋਵੇ ਤਾਂ ਸਾਡੀ ਸਹੂਲਤ ਲਈ ਤੇ ਛੇਤੀ ਜਵਾਬ ਲਈ ਕ੍ਰਿਪਾ ਕਰਕੇ ਆਪਣਾ ਮੈਂਬਰ ਸ਼ਿਪ ਨੰਬਰ ਦਾ ਜ਼ਰੂਰ ਹਵਾਲਾ ਦਿਉ। ਹਵਾਲਾ ਨਾ ਦੇਣ ਵਿਚ ਸਾਨੂੰ ਕਾਫ਼ੀ ਪੜਤਾਲ ਕਰਨੀ ਪੈਂਦੀ ਹੈ। ਜੇ ਤੁਸੀਂ ਅਜੇ ਸਾਡੇ ਮੈਂਬਰ ਨਹੀਂ ਬਣੇ ਤਾਂ ਮੈਂਬਰ ਸ਼ਿਪ ਨੰਬਰ ਦੀ ਥਾਂ ਇਹ ਸਪਸ਼ਟ ਲਿਖ ਦਿਆ ਕਰੋ 'ਨਹੀਂ ਹੈ', ਤਾਂਕਿ ਅਸੀਂ ਵਾਧੂ ਪੜਤਾਲ ਦੀ ਖੇਚਲ ਤੋਂ ਬਚ ਸਕੀਏ। ਧੰਨਵਾਦ !

ਦਾਸ—ਮੈਨੇਜਰ 'ਸੂਰਾ'



www.AKJ.Org

ਸਿਖ ਇਤਿਹਾਸ ਵਿਚੋਂ—

# ਜਿਨ ਪ੍ਰੇਮ ਕੀਓ ... ... ... ...

( ਇਕ ਗੁਰਮਤਿ ਖੋਜੀ ਦੀ ਕਲਮ ਤੋਂ )

ਗੁਰੂ ਨਾਨਕ ਦੇਵ ਜੀ ਦੀ ਇਲਾਹੀ ਗੁਰਗੱਦੀ ਉਤੇ ਛੇਵੇਂ ਸਤਿਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜਮਾਨ ਹਨ। ਲਾਹੌਰ ਦੀਆਂ ਸੰਗਤਾਂ ਵਲੋਂ ਪ੍ਰੇਮ-ਸੰਦੇਸੇ ਪੁਜਣ ਤੇ ਆਪ ਜੀ ਲਾਹੌਰ ਵਿਚ ਇਕ ਪ੍ਰੇਮੀ ਗੁਰਸਿੱਖ ਦੇ ਘਰ ਗੁਰੂ ਨਾਨਕ ਦੀ ਰਬੀ-ਬਾਣੀ ਦੀ ਅੰਮ੍ਰਿਤ-ਵਰਖਾ ਕਰਨ ਲਗੇ। ਲਾਹੌਰ ਦੇ ਅਨੇਕਾਂ ਪ੍ਰੇਮੀ-ਜੀਊੜੇ ਆਪ ਜੀ ਵਲ ਖਿੱਚੇ ਗਏ। ਅੰਮ੍ਰਿਤ ਵੇਲੇ ਜਿੱਥੇ ਪ੍ਰੇਮੀ-ਜਨਾਂ ਵਲੋਂ ਕੀਰਤਨ-ਧੁਨੀਆਂ ਗੂੰਜਦੀਆਂ, ਉਥੇ ਨਾਲ ਹੀ ਗੁਰਦੇਵ ਪਿਤਾ ਜੀ ਗੁਰਬਾਣੀ ਦੀ ਰਸ-ਭਿੰਨੀ ਕਥਾ ਵੀ ਕਰਦੇ।

ਕੀਰਤਨ-ਅਖਾੜੇ ਦੇ ਨਾਲ ਹੀ ਇਕ ਕਾਜ਼ੀ ਦਾ ਘਰ ਸੀ। ਇਹ ਕਾਜ਼ੀ ਫ਼ਿਰਕੂ ਦ੍ਰਿਸ਼ਟੀ ਦਾ ਮਾਲਕ ਸੀ। ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਇਕ ਵੱਡਾ ਪੁੰਨ ਸਮਝਦਾ ਸੀ। ਉਸ ਦੀ ਇਸੇ ਦ੍ਰਿਸ਼ਟੀ ਦਾ ਸ਼ਿਕਾਰ ਇਕ ਹਿੰਦੂ ਵਿਧਵਾ ਹੋ ਚੁਕੀ ਸੀ, ਜਿਸ ਨੂੰ ਜ਼ੋਰੋ ਜ਼ੋਰੀ ਉਸ ਨੇ ਆਪਣੇ ਘਰ ਪਾ ਲਿਆ ਸੀ। ਉਸ ਵਿਧਵਾ ਇਸਤ੍ਰੀ ਦੀ ਇਕ ਧੀ ਸੀ, ਜੋ ਹੁਣ ਵਰ-ਪ੍ਰਾਪਤ ਸੀ। ਉਸ ਦਾ ਹਿੰਦੂ ਨਾਮ ਕਮਲਾ ਸੀ, ਪਰ ਕਾਜ਼ੀ ਨੇ ਉਸ ਦਾ ਨਾਮ ਕੌਲਾਂ ਰਖ ਦਿਤਾ ਸੀ।

ਬੀਬੀ ਕਮਲਾ ਇਕ ਧਾਰਮਕ ਖਿਆਲਾਂ ਵਾਲੇ ਹਿੰਦੂ ਪਿਤਾ ਦੀ ਬੱਚੀ ਸੀ। ਇਸ ਲਈ ਭਗਤੀ ਦਾ ਜਜ਼ਬਾ ਉਸ ਨੂੰ ਵਿਰਸੇ ਵਿਚ ਮਿਲਿਆ ਸੀ। ਭਾਵੇਂ ਕਾਜ਼ੀ ਦੇ ਕਹਿਣ ਤੇ ਬੀਬੀ ਕਮਲਾ ਨੇ ਕੁਰਾਨ ਦੀ ਸਿਖਿਆ ਵੀ ਪ੍ਰਾਪਤ ਕੀਤੀ, ਪਰ ਉਸ ਦੀ ਆਤਮਾਂ ਸੱਚਾ ਸੁਖ ਅਤੇ ਸੱਚੀ ਸ਼ਾਂਤੀ ਵਲੋਂ ਅਜੇ ਭੁਖੀ ਸੀ।

ਆਪਣੇ ਗੁਆਂਢ ਵਿਚ ਹੀ ਜਦ ਬੀਬੀ ਕਮਲਾ ਨੇ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਅੰਮ੍ਰਿਤ-ਮਈ ਕਥਾ ਸੁਣੀ ਤਾਂ ਉਸ ਨੂੰ ਉਹ ਵਸਤੂ ਮਿਲ ਗਈ, ਜਿਸ ਦੀ ਉਹ ਚਿਰਾਂ ਤੋਂ ਭੁਖੀ ਸੀ। ਉਹ ਨਿਰਭੈ ਹੋਕੇ ਨਾਮ-ਰਸੀ ਸਤਿਸੰਗਤ ਵਿਚ ਜਾਣ ਲਗੀ। ਉਹ ਸਤਿਗੁਰੂ ਜੀ ਦੇ ਚਰਨਾਂ ਵਿਚ ਸੀਸ ਰਖ ਕੇ ਖੀਵੀ ਹੋ ਜਾਂਦੀ। ਕਮਲਾ ਹੁਣ ਚਕਵੀ ਬਣ ਗਈ—ਜੋ ਸੂਰਜ ਰੂਪੀ ਸਤਿਗੁਰੂ ਦੇ ਦੀਦਾਰ ਕਰਕੇ ਸਹਿਜ-ਰਸ ਮਾਨਦੀ। ਗੁਰੂ ਜੀ ਦੀ ਹਜ਼ੂਰੀ ਵਿਚ ਕਈ ਵਾਰੀ ਉਸ ਦੀ ਇਹ ਦਸ਼ਾ ਹੋ ਜਾਂਦੀ।

> "ਹਉਂ ਆਕਲ ਬਿਕਲ ਭਈ ਗੁਰ ਦੇਖੇ,
> ਹਉ ਲੋਟ ਪੋਟ ਹੋਇ ਪਈਆ ॥"

ਕਈ ਦਿਨ ਬੀਬੀ ਕਮਲਾ ਆਪਣੇ ਸੂਰਜ ਦੇ ਅੰਗ ਸੰਗ ਰਹਿਕੇ ਚਕਵੀ ਤਰ੍ਹਾਂ ਨਾਮ ਰਸ ਦੇ



www.AKJ.Org

ਘੁੱਟ ਪੀਂਦੀਂ ਰਹੀ। ਅੰਤ ਸਤਿਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਜਾਣ ਦੀ ਤਿਆਰੀ ਕੀਤੀ। ਚਕੋਰ ਰੂਪੀ ਬੀਬੀ ਕਮਲਾ ਨੇ ਭੀ ਸੁਣਿਆ ਕਿ ਮੇਰਾ ਚੰਦ ਅੱਖਾਂ ਤੋਂ ਓਹਲੇ ਹੋ ਰਿਹਾ ਹੈ। ਉਸ ਦਾ ਹਿਰਦਾ ਭਰ ਆਇਆ, ਨੈਣਾਂ ਵਿਚੋਂ ਨੀਰ ਵਗਣ ਲਗਾ। ਉਸ ਉਤੇ ਇਹ ਦਸ਼ਾ ਵਪਾਰ ਗਈ:—

"ਹਉਂ ਰਹਿ ਨਾ ਸਕਾ ਬਿਨੁ ਦੇਖੇ ਪ੍ਰੀਤਮਾਂ,
ਮੈਂ ਨੀਰੁ ਵਹੇ ਵਹਿ ਚਲੈ ਜੀਉ"

ਪ੍ਰੇਮ-ਭਿਨੀ-ਪਰ ਵੈਰਾਗਣ ਹੋਈ ਬੀਬੀ ਕਮਲਾ ਨੇ ਅੱਗੇ ਵਧ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਆਪਣਾ ਸਿਰ ਰਖ ਦਿਤਾ। ਨੈਣਾਂ ਦੇ ਨੀਰ ਨਾਲ ਸਤਿਗੁਰੂ ਜੀ ਦੇ ਚਰਨ ਧੋਣ ਲਗੀ।

ਜਾਣੀ-ਜਾਣ ਸਤਿਗੁਰੂ ਜੀ ਨੇ ਬੀਬੀ ਕਮਲਾ ਦਾ ਸਿਰ ਉਪਰ ਚੁਕਿਆ। ਉਸ ਦੇ ਸਿਰ ਪਰ ਪਵਿਤਰ ਹੱਥ ਫੇਰਿਆ ਅਤੇ ਪ੍ਰੇਮ-ਭਿੰਨੀ ਆਤਮਾਂ ਨੂੰ ਢਾਰਸ ਦੇਂਦਿਆਂ ਕਿਹਾ—ਪ੍ਰੇਮ-ਸਹਿਤ ਗੁਰਬਾਣੀ ਪੜ੍ਹਨੀ-ਸਿਮਰਨ ਹਰ ਦਮ ਕਰਨਾ। ਜਦ ਯਾਦ ਕਰੋਗੇ—ਤੇਰੇ ਪਾਸ ਹੋਵਾਂਗੇ।

ਸਤਿਗੁਰਾਂ ਜੀ ਦੇ ਇਨ੍ਹਾਂ ਮਨੋਹਰ ਬਚਨਾਂ ਨਾਲ ਉਸ ਨੂੰ ਨਿਸਚਾ ਹੋ ਗਿਆ ਕਿ ਔਖੀ ਘੜੀ ਵੇਲੇ ਸਤਿਗੁਰੂ ਜੀ ਬਹੁੜੀ ਕਰਨਗੇ।

ਹੁਣ ਬੀਬੀ ਕਮਲਾ ਗੁਰੂ ਜੀ ਦੀ ਯਾਦ ਵਿਚ ਪ੍ਰੇਮ-ਮੂਰਤੀ ਹੀ ਬਣ ਗਈ। ਧਰਤੀ ਤੇ ਆਕਸ਼ ਉਸ ਨੂੰ ਹਰ ਵੇਲੇ ਮੌਲਿਆ ਜਾਪਦਾ ਸੀ। ਹੁਣ ਸਲੋਨੜੇ ਨੈਣਾਂ ਵਾਲੀ ਦੀ ਸੁਰਤੀ ਪ੍ਰਭ-ਯਾਦ ਵਿਚ ਹੀ ਸਮਾਈ ਰਹਿੰਦੀ। ਪਰ ਸਤਿਗੁਰੂ ਜੀ ਦੀ ਯਾਦ ਵਿਚ ਇਹ ਵਾਹੁ-ਵਾਹੁ ਦੀ ਧੁਨੀ ਕਾਜੀ ਨੂੰ ਚੰਗੀ ਨਾ ਲਗੀ। ਹਿੰਦੂਆਂ ਨੂੰ ਮੁਸਲਮਾਣ ਬਣਾਉਣ ਵਾਲਾ ਕਾਜੀ ਆਪਣੀ ਬੱਚੀ ਦਾ ਇਹ ਕਰਮ ਕਿਵੇਂ ਸਹਾਰ ਸਕਦਾ ਸੀ। ਜਦ ਉਸ ਨੂੰ ਗਿਆਨ ਹੋਇਆ ਕਿ ਉਸ ਦੀ ਬੱਚੀ ਦੀ ਆਤਮਾ ਸਦਾ ਹੀ ਗੁਰੂ ਜੀ ਦੇ ਨਾਮ ਦੀਆਂ ਪਰਕਰਮਾਂ ਕਰਦੀ ਰਹਿੰਦੀ ਹੈ, ਤਾਂ ਉਸ ਨੇ ਬੀਬੀ ਕਮਲਾ ਦੀ ਮਾਂ ਨੂੰ ਸੰਬੋਧਨ ਕਰਕੇ ਕਿਹਾ—ਸ਼ੁਕਰਵਾਰ ਵਾਲੇ ਦਿਨ ਨਵਾਬ ਸਾਹਿਬ ਦੇ ਵੱਡੇ ਮੁਨਸ਼ੀ ਨਾਲ ਕਮਲਾ ਦਾ ਨਕਾਹ ਕਰ ਦੇਣਾ ਹੈ।

ਇਹ ਗਲ ਬੀਬੀ ਕਮਲਾ ਨੇ ਵੀ ਸੁਣੀ। ਪਿਆਰ ਨਾਲ ਮਾਂ ਦੇ ਗਲ ਵਿਚ ਬਾਹਵਾਂ ਪਾ ਕੇ ਕਹਿਣ ਲਗੀ—'ਮਾਂ ! ਮੈਂ ਤਨ ਮਨ ਸਤਿਗੁਰੂ ਜੀ ਨੂੰ ਦੇ ਚੁਕੀ ਹਾਂ। ਮੈਂ ਕਿਤੇ ਹੋਰ ਨਹੀਂ ਜਾ ਸਕਦੀ। ਮਾਂ ਆਪਣੀ ਬੱਚੀ ਦੀ ਹਿਰਦੇ-ਪੀੜ ਨੂੰ ਪਹਿਲਾਂ ਹੀ ਜਾਣ ਚੁਕੀ ਸੀ। ਉਸ ਨੇ ਹੌਲੀ ਜਿਹੀ ਉਸ ਨੂੰ ਤਸੱਲੀ ਦਿਤੀ।

ਅਜ ਵੀਰਵਾਰ ਦੀ ਰਾਤ ਹੈ। ਅੱਧੀ ਰਾਤ ਲੰਘ ਚੁਕੀ ਹੈ। ਹਰ ਪਾਸੇ ਹਨੇਰੇ ਦਾ ਰਾਜ ਹੈ। ਇਸ ਹਨੇਰੇ ਦੇ ਪੜਦੇ ਵਿਚ ਇਕ ਕਾਲਾ ਜਿਹਾ ਪਰਛਾਵਾਂ ਕਾਜੀ ਦੇ ਘਰ ਤੋਂ ਨਿਕਲਕੇ ਸ਼ਾਲਾਮਾਰ ਬਾਗ ਵਲ ਜਾ ਰਿਹਾ ਹੈ। ਇਹ ਗੁਰੂ ਪਿਆਰ ਵਿਚ ਰੋਮ ਰੋਮ ਭਿੱਜੀ ਬੀਬੀ ਕਮਲਾ ਹੈ, ਜੋ ਬੁਰਕਾ ਪਾਈ ਬਾਗ ਕੋਲ ਦੀ ਜਰਨੈਲੀ ਸੜਕ ਪੁਰ ਸ੍ਰੀ ਸ੍ਰੀ ਅੰਮ੍ਰਿਤਸਰ ਵਲ ਤੁਰੀ ਜਾ ਰਹੀ ਹੈ। ਹਰ ਪਾਸੇ ਪੂਰਨ ਸ਼ਾਂਤੀ ਹੈ-ਪਰ ਚਕੋਰ ਆਪਣੇ ਸੁਹਣੇ ਚੰਨ ਦੇ ਦੀਦਾਰ ਲਈ ਚਾਈਂ ਚਾਈਂ ਜਾ ਰਹੀ ਹੈ। ਗੁਰੂ ਪਿਆਰ ਵਿਚ ਬਉਰੀ-ਕਮਲਾ-ਬਾਗ ਤੋਂ ਕੋਈ ਮੀਲ ਕੁ ਅਗੇ ਗਈ ਸੀ ਕਿ ਸ੍ਰੀ ਅੰਮ੍ਰਿਤਸਰ ਵਲੋਂ ਆ ਰਹੇ ਘੋੜੇ ਦੀਆਂ ਟਾਪਾਂ ਦੀ ਆਵਾਜ਼ ਉਸਦੇ ਕੰਨੀ ਪਈ। ਉਹ ਤੇਜ਼ੀ ਨਾਲ ਸੜਕੋਂ ਉਤਰ ਕੇ ਰੁਖਾਂ ਦੇ ਇਕ ਝੁੰਡ ਵਿਚ ਲੁਕ ਗਈ।†



www.AKJ.Org

# ਖੰਡੇ ਕੀ ਵੇਲਾ

(ਪ੍ਰੋ. ਪਿਆਰਾ ਸਿੰਘ ਜੀ ਪਦਮ ਪਟਿਆਲਾ)

ਸਿਖ ਧਰਮ ਜ਼ਿੰਦਗੀ ਦਾ ਨਵਾਂ ਰਾਜ-ਮਾਰਗ ਹੈ, ਜਿਸ ਨੇ ਪੁਰਾਣੀਆਂ ਮਨੌਤਾਂ-ਵੇਦ ਪ੍ਰਮਾਣ ਅਵਤਾਰ ਪੂਜਾ, ਮੂਰਤੀ ਪੂਜਾ, ਦੇਵੀ ਦੇਵਤਿਆਂ ਦੀ ਮਾਨਤਾ, ਬ੍ਰਾਹਮਣ ਦੀ ਪਰੋਹਤੀ, ਜਾਤ ਪਾਤ ਦੀ ਵੰਡ, ਕਰਮ ਕਾਂਡ ਦੇ ਭਰਮ ਜੰਜਾਲ, ਸੁਰਗ ਨਰਕ, ਜਗਤ ਉਪਾਰਾਮਤਾ ਤੇ ਮੁਕਤੀ ਦੀ ਮੰਗ—ਆਦਿ ਤੋਂ ਇਨਕਾਰ ਕਰਦਿਆਂ ਰੂਹਾਨੀ ਤੇ ਦੁਨਿਆਵੀ ਜੀਵਨ ਦੋਹਾਂ ਦੇ ਵਿਕਾਸ ਦਾ ਗਾਡੀ ਰਾਹ ਵਿਉਂਤਿਆ ਹੈ। ਪੁਰਾਣੇ ਜ਼ਮਾਨੇ ਦੇ ਭਾਰਤੀ ਧਰਮਾਂ ਅਹਿੰਸਾ ਤੇ ਤਿਆਗ ਨੂੰ ਗਲਤ ਰੂਪ ਦੇ ਕੇ ਸਾਰੇ ਸਮਾਜ ਨੂੰ ਕੁਰਾਹੇ ਪਾਇਆ ਹੋਇਆ ਸੀ ਤੇ ਜਰਵਾਣਿਆਂ ਸਾਹਮਣੇ ਇਹ ਅਹਿੰਸਾ ਕਮਜ਼ੋਰੀ ਤੇ ਕਾਇਰਤਾ ਬਣ ਗਈ ਜੋ ਭਾਰਤੀ ਸਵੈਮਾਨ ਤੇ ਸ਼ਾਨ ਨੂੰ ਵੀ ਨਾਲ ਹੀ ਲੈ ਮਰੀ। ਇਹੋ ਹਾਲ ਬਿਰਕਤੀ ਦਾ ਸੀ, ਜਗਤ ਮਿਥਿਆ ਕਹਿਕੇ ਜੀਵਨ ਸੰਗ੍ਰਾਮ ਤੋਂ ਭਗੌੜੇ ਹੋ ਜਾਣਾ ਕੋਈ ਸਿਆਣਪ ਯਾ ਧਰਮ ਨਹੀਂ ਸੀ। ਏਸ ਹਾਲਤ ਵਿਚ ਦੇਸ ਦੀ ਸੰਭਾਲ ਕੌਣ ਕਰਦਾ

---

† ਘੋੜੇ ਦੀਆਂ ਟਾਪਾਂ ਦਾ ਖੜਾਕ ਨੇੜੇ ਆਉਂਦਾ ਗਿਆ। ਹੁਣ ਘੋੜਾ ਉਸ ਦੇ ਸਾਹਮਣੇ ਖੜਾ ਸੀ ਤੇ ਉਸ ਦੀ ਪਿਠ ਪਰ ਬੈਠਾ ਸੀ।

ਮੀਰੀ—ਪੀਰੀ ਦਾ ਮਾਲਕ, ਹਾਂ ਜੀ ! ਦਲ ਭੰਜਨ ਗੁਰ ਸੂਰਮਾਂ-ਆਪਣੇ ਭਗਤ ਨੂੰ ਲੈਣ ਆ ਗਿਆ ਸੀ—ਭਾਈ ਸਾਹਿਬ ਗੁਰਦਾਸ ਜੀ ਨੇ ਸੱਚ ਲਿਖਿਆ ਹੈ—

"ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟ ਪੈਂਡਾ ਆਗੇ ਹੋਇ ਲੇਤ"

ਹਾਂ ਜੀ ! ਸੂਰਮੇ ਸਤਿਗੁਰੂ ਜੀ ਇਸ ਪ੍ਰੇਮ ਰਤੀ ਆਤਮਾਂ ਨੂੰ ਲੈਕੇ ਸ੍ਰੀ ਅੰਮ੍ਰਿਤਸਰ ਆ ਗਏ। ਇਸ ਪਵਿਤਰਤਾ ਦੀ ਦੇਵੀ-ਬੀਬੀ ਕਮਲਾ ਨੇ ਸਾਰਾ ਜੀਵਨ-ਗੁਰੂ ਗੁਰੂ ਕਰਦਿਆਂ-ਗੁਰੂ ਚਰਨਾਂ ਵਿਚ ਗੁਜ਼ਾਰਿਆ।

ਮਿਹਰਾਂ ਵਾਲੇ ਸਾਈਂ ਮਿਹਰਾਂ ਵਿਚ ਆਏ।ਉਨ੍ਹਾਂ ਪਿਆਰੇ ਦੇ ਪਿਆਰ ਦੀ ਅਮਿਟ ਯਾਦ ਕਾਇਮ ਰਖਣ ਲਈ ਸ੍ਰੀ ਕੌਲਸਰ ਸਰੋਵਰ ਦੀ ਨੀਂਹ ਰਖ ਦਿਤੀ ਅਤੇ ਦਿਨਾਂ ਵਿਚ ਸ੍ਰੀ ਕੌਲਸਰ ਕਾਇਮ ਹੋ ਗਿਆ। ਇਹ ਸਰੋਵਰ ਬਾਬਾ ਅਟਲ ਸਾਹਿਬ ਦੇ ਨਾਲ ਕਾਇਮ ਹੈ। ਜਿਸ ਵਿਚ ਇਸ਼ਨਾਨ ਕਰਕੇ, ਪਿਆਰਿਉ—ਆਪ ਮੁਹਾਰਾ ਮੂੰਹੋਂ ਨਿਕਲਦਾ ਹੈ:—

ਜਿਨੁ ਪ੍ਰੇਮ ਕੀਓ, ਤਿਨੁ ਹੀ ਪ੍ਰਭੁ ਪਾਇਓ ॥

—੦—



www.AKJ.Org

ਤੇ ਕੌਣ ਇਸ ਦੀ ਵਿਕਾਸ ਯੋਜਨਾ ਬਣਾਉਂਦਾ। ਇਉਂ ਗਲਤ ਕਿਸਮ ਦੀ ਅਹਿੰਸਾ ਤੇ ਗਲਤ ਕਿਸਮ ਦੇ ਤਿਆਗ ਨੇ ਹੌਲੀ ਹੌਲੀ ਹਿੰਦੁਸਤਾਨ ਦਾ ਲੱਕ ਤੋੜ ਦਿਤਾ ਤੇ ਬਿਦੇਸੀ ਜਰਵਾਣਿਆਂ ਇਸ ਤੇ ਗੁਲਾਮੀ ਦੀ ਛੱਟ ਆ ਪਾਈ।

ਇਸ ਮਾੜੀ ਹਾਲਤ ਨੂੰ ਬਦਲਣ ਲਈ ਗੁਰੂ ਨਾਨਕ ਸਾਹਿਬ ਨੇ ਚੜ੍ਹਦੀ ਕਲਾ ਤੇ 'ਸਰਬਤ ਦੇ ਭਲੇ' ਦਾ ਨਾਅਰਾ ਦਿਤਾ। ਨਾਮ ਸਿਮਰਨ ਨਾਲ ਸੇਵਾ ਤੇ ਭਗਤੀ ਨਾਲ ਸ਼ਕਤੀ ਦਾ ਸੰਗਮ ਕਰਕੇ ਰਾਜ ਜੋਗ ਦਾ ਪੰਥ ਤੋਰਿਆ ਗਿਆ, ਮਾਲਾ ਤੇ ਤੇਗ ਫੜਾਕੇ ਸੰਤ ਸਿਪਾਹੀ ਸਜਾਏ ਗਏ, ਜਿਨ੍ਹਾਂ ਨੇ ਪਰਮਾਰਥਕ ਤੇ ਆਰਥਕ ਤੇ ਆਰਥਿਕ ਵਿਕਾਸ ਦੋਹਾਂ ਦਾ ਪਰੋਗ੍ਰਾਮ ਨਿਭਾਉਣਾ ਸੀ। ਅਗੇ ਸਾਧੂ ਸੰਤ ਦੇਗ (ਸਦਾਬਰਤ) ਚਲਾਉਂਦੇ ਸਨ ਤੇ ਤੇਗ ਮਾਰਖੋਰੇ ਜੋਧੇ। ਸਤਿਗੁਰਾਂ ਇਨ੍ਹਾਂ ਸੰਤ ਸਿਪਾਹੀਆਂ ਨੂੰ ਦੇਗ ਤੇਗ ਦੋਹਾਂ ਦਾ ਵਰ ਦਿਤਾ। ਇਹਨਾਂ ਨਵੇਂ ਜੀਵਨ ਆਦਰਸ਼ਾਂ ਨੇ ਅਖੀਰ ਗੁਲਾਮੀ ਦੇ ਭੰਨੇ ਮਜ਼ਲੂਮ ਲੋਕਾਂ ਅੰਦਰ ਬੀਰਤਾ ਦੀ ਲਹਿਰ ਚਲਾਕੇ, ਸੁੱਤੀਆਂ ਕਲਾਂ ਜਗਾ ਦਿਤੀਆਂ। ਗਊਆਂ ਦੇ ਵੱਗ 'ਸ਼ੇਰਾਂ ਦੇ ਝੁੰਡ' ਬਣ ਗਏ ਤੇ ਚਿੜੀਆਂ ਨੇ ਬਾਜ਼ਾਂ ਨਾਲ ਆਢਾ ਲਾਇਆ। ਗੁਰੂ ਨਾਨਕ ਇਹੋ ਚਾਹੁੰਦੇ ਸਨ ਕਿ ਜੇ ਬਹਾਦਰ ਨਾਲ ਬਹਾਦਰ ਟਕਰੇ ਤਾਂ ਇਹ ਕੋਈ ਹਰਜੇ ਵਾਲੀ ਗਲ ਨਹੀਂ ਕਿਉਂਕਿ ਜੀਵਨ ਸੰਗਰਾਮ ਹੈ :

ਜੇ ਸਕਤਾ ਸਕਤੇ ਕਉ ਮਾਰੇ, ਤ ਮਨਿ ਰੋਸ ਨ ਹੋਈ।

ਇਸ ਤਰ੍ਹਾਂ ਸਿਖੀ ਨੇ ਦੋ ਸੌ ਬਰਸ ਲਾ ਕੇ ਜੀਵਨ ਨੂੰ ਅਧਿਆਤਿਮਕ ਤੇ ਸਦਾਚਾਰਕ ਪਖ ਤੋਂ ਪੂਰੀ ਤਰ੍ਹਾਂ ਪੱਕਾ ਕਰ ਲਿਆ ਤੇ ਤਾਂ ਇਹ ਸੂਰਬੀਰਤਾ ਦੀ ਤਲਵਾਰ ਹਥ ਫੜਾਈ। ਫੇਰ ਵੀ ਇਹ ਤਾਕੀਦ ਕੀਤੀ ਗਈ ਕਿ ਭਲੇ ਪੁਰਸ਼ਾਂ ਨੂੰ ਭਲੀ ਤਰ੍ਹਾਂ ਹਥ ਜੋੜ ਕੇ ਪੂਜਣਾ ਮੰਨਣਾ ਤੇ ਬੁਰਿਆਂ ਨੂੰ ਬੁਰੀ ਤਰਾਂ ਡੰਨਣਾ ਹੈ, ਪਰ ਪ੍ਰਮੇਸ਼ਰ ਨੂੰ ਕਦੀ ਦਿਲੋਂ ਵਿਸਾਰਨਾ ਨਹੀ:—

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।
ਦਿਵਸ ਰੈਨ ਤੇਰੇ ਪਾਉ ਪਲੋਸਉ, ਕੇਸ ਚਵਰ ਕਰਿ ਫੇਰੀ।

ਇਹ ਮਹਾਂਮੰਤਰੀ ਸੀ ਤਾਂ ਕਿ ਨਵੇਂ ਤਲਵਾਰੀਏ ਨਿਰਦਈ ਹੋ ਕੇ ਕਿਤੇ ਅਧਰਮੀ ਨਾ ਹੋ ਜਾਣ।

ਦਸਮ ਪਾਤਸ਼ਾਹ ਨੇ ਤਾਂ ਸਮਕਾਲੀ ਬਾਦਸ਼ਾਹਾਂ ਤੇ ਅਤਿਆਚਾਰੀ ਹਾਕਮਾਂ ਦੇ ਜਬਰ ਜ਼ੁਲਮ ਦੇਖ ਕੇ ਸਾਫ਼ ਹੀ ਕਹਿ ਦਿਤਾ ਕਿ ਇਹ ਖੰਡੇ ਕੀ ਵੇਲਾ ਹੈ—ਤਲਵਾਰ ਦਾ ਯੁਗ ਹੈ, ਦੁਸ਼ਟ ਦੇ ਹਥਿਆਰ ਦਾ ਜਵਾਬ ਵਧੇਰੇ ਮਜ਼ਬੂਤ ਹਥਿਆਰ ਨਾਲ ਦਿਤਾ ਜਾਣਾ ਯੋਗ ਹੈ। ਹਾਂ, ਹੋਰ ਉਪਾ ਵੀ ਕਰ ਵੇਖੋ ਪਰ ਜੇ ਕੋਈ ਚਾਰਾ ਨਾ ਚਲੇ ਤਾਂ ਦੁਸ਼ਟ ਦਮਨ ਲਈ ਤਲਵਾਰ ਵਰਤਣਾ ਅਯੋਗ ਨਹੀਂ।

ਚੂੰਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।

ਯਾਹੀ ਕਾਜ ਧਰਾ ਹਮ ਜਨਮੰ।
ਸਮਝਿ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕਉ ਮੂਲ ਉਪਾਰਨ।

ਅਖੀਰ ਲਛਮੀ ਤੇ ਸੋਨੇ ਦੇ ਪੁਜਾਰੀਆਂ ਨੂੰ ਨੂੰ ਸਰਬਲੋਹ ਦੇ ਪੁਜਾਰੀ ਬਣਾਇਆ ਗਿਆ, ਖੰਡੇ ਦੀ ਪਾਹੁਲ ਨੇ ਉਹਨਾਂ ਦੇ ਇਰਾਦੇ ਲੋਹੇ ਵਾਂਙ ਮਜ਼ਬੂਤ ਕਰ ਦਿਤੇ। ਧਰਮ ਲਈ ਆਪਣੀ ਜਾਨ ਦੇਣੀ ਤੇ ਨਿਰਦਈ ਜਾਬਰ ਦੀ ਜਾਨ ਲੈਣੀ



www.AKJ.Org

ਉਹਨਾਂ ਲਈ ਸਾਧਾਰਣ ਗਲ ਸੀ। ਇਹ ਕਰਾਮਾਤ ਸੀ ਜੋ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਨੇ ਵਰਤਾਈ ਤੇ ਪੰਜਾਬ ਵਿਚ ਆਜ਼ਾਦੀ ਦੀ ਜੋਤਿ ਜਗਾਈ। ਇਸ ਜੋਤ ਨੂੰ ਬੁਝਾਉਣ ਲਈ ਕਈ ਹਨੇਰੀਆਂ ਆਈਆਂ ਤੇ ਕਈ ਝੱਖੜ ਝੁਲੇ ਪਰ ਇਹ ਜੋਤ ਸ਼ਹੀਦੀਆਂ ਦੇ ਆਸਰੇ ਜਗਮਗਾਉਂਦੀ ਰਹੀ।

## ਕੁਰਬਾਨੀਆਂ ਦਾ ਦਰਿਆ

ਜਦ ਪੰਜਾਬ ਦੇ ਇਤਿਹਾਸ ਵਿਚ ਕੁਰਬਾਨੀਆਂ ਦਾ ਦਰਿਆ ਵਗਣਾ ਸ਼ੁਰੂ ਹੋਇਆ ਤਾਂ ਖੁਦ ਕੁਰਬਾਨੀ-ਪੁੰਜ ਗੁਸਾਈਂ ਦੇ ਪਹਿਲਵਾਨੜੇ ਬੀਰ ਸਤਿਗੁਰੂ ਅਰਜਨ ਦੇਵ ਜੀ ਨੇ ਇਹ ਪਤੇ ਦੀ ਗੱਲ ਆਖੀ ਸੀ ਕਿ ਸੱਚਾ ਸੂਰਮਾ ਉਹ ਹੈ ਜੋ ਮੁਖ ਨ ਮੋੜੇ— ਰਤੇ ਸੇਈ ਜਿ ਮੁਖ ਨ ਮੋੜਨ,
ਜਿਨਾ ਸਿਞਾਤਾ ਸਾਈ।

ਇਹ ਗੱਲ ਹੋਰ ਵੀ ਪੱਕੀ ਕੀਤੀ ਗਈ ਕਿ ਤਲਵਾਰ ਹੀ ਨਹੀਂ ਸਚੇ ਸੂਰਮੇ ਨੂੰ ਰੱਬੀ ਪਿਆਰ ਤੇ ਮਨੁਖੀ ਸਤਿਕਾਰ ਦਾ ਸਬਕ ਵੀ ਚੰਗੀ ਤਰ੍ਹਾਂ ਕੰਠ ਹੋਣਾ ਚਾਹੀਦਾ ਹੈ। ਕਾਰਣ ਇਹ ਸੀ ਕਿ ਪਹਿਲੇ ਜੋ ਤਲਵਾਰੀਏ ਹਿੰਦ ਤੇ ਚੜ੍ਹ ਕੇ ਆਏ, ਉਹਨਾਂ ਨਿਮਾਣੀ ਨਿਤਾਣੀ ਖਲਕਤ ਨੂੰ ਕਤਲ ਕਰਕੇ 'ਗ਼ਾਜ਼ੀ' ਹੋਣ ਦਾ ਦਾਅਵਾ ਕੀਤਾ। ਗੁਰੂਆਂ ਨੂੰ ਇਹ ਗੱਲ ਨਹੀਂ ਸੀ ਭਾਉਂਦੀ। ਇਸ ਲਈ ਉਹਨਾਂ ਨੇ ਸਿਖੀ ਬੀਰਤਾ ਨੂੰ ਰੱਬੀ ਪ੍ਰੇਮ ਤੇ ਆਤਮ-ਸੰਜਮ ਦੇ ਰੰਗ ਵਿਚ ਰੰਗਿਆ—

ਜਾ ਕਉ ਹਰਿ ਰੰਗ ਲਾਗਉ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।
ਆਤਮ ਜਿਣੈ ਸਗਲ ਵਸਿ ਤਾ ਕੈ, ਜਾਕਾ ਸਤਿਗੁਰ ਪੂਰਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਰਮੇ ਦੇ ਇਹ ਤਾਰੀਫ਼ ਕੀਤੀ ਗਈ ਹੈ ਜੋ ਧਰਮ ਲਈ, ਨੇਕੀ ਲਈ ਲੜਦਾ ਹੈ। ਟੁਕੜੇ ਟੁਕੜੇ ਤਾਂ ਬੇਸ਼ਕ ਹੋ ਜਾਵੇ ਪਰ ਕਦੀ ਪਿਛਾਂਹ ਨਹੀਂ ਹਟਦਾ। ਜਦ ਨਗਾਰੇ ਤੇ ਚੋਟ ਪੈ ਜਾਵੇ ਤਾਂ ਸੱਚਾ ਸੂਰਮਾ ਬਾਬਾ ਦੀਪ ਸਿੰਘ ਵਾਂਗ ਸਿਰ ਹਥੇਲੀ ਤੇ ਰਖਕੇ ਅਗੇ ਵਧਦਾ ਤੇ ਮਰਦਾਨਾਵਾਰ ਜੂਝਦਾ ਸ਼ਹਾਦਤ ਦਾ ਜਾਮ ਪੀਂਦਾ ਹੈ:—

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ।
ਖੇਤ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ।
ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟ ਮਰੈ, ਕਬਹੂ ਨ ਛਾਡੈ ਖੇਤ।

ਗੁਰੂ ਤੇਗ ਬਹਾਦਰ ਨੇ ਵੀ ਆਪਣੇ ਤਜਰਬੇ ਦੇ ਅਧਾਰ ਤੇ ਇਹੋ ਗੱਲ ਪੱਕੀ ਕੀਤੀ ਕਿ ਸੂਰਮਾ ਕਦੀ ਅਪਣੇ ਸਿਰੜ ਤੋਂ ਪਿਛੇ ਨਹੀਂ ਹਟਦਾ ਤੇ ਕੀਤੀ ਪ੍ਰਤਗਿਆ ਨੂੰ ਤੋੜ ਨਿਭਾਉਂਦਾ ਹੈ:—

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰ ਲਾਲ ਤੇ ਹੋਰ ਪਰਿਵਾਰ ਵਾਰ ਕੇ ਬੀਰ ਸਿਪਾਹੀਆਂ ਲਈ ਜੀਵਨ ਦਾ ਇਕ ਆਦਰਸ਼ ਕਾਇਮ ਕਰ ਦਿਤਾ ਤੇ ਸਮਝਾਇਆ ਕਿ ਸੱਚਾ ਸੂਰਮਾ ਕਿਸੇ ਹੋਰ ਚੀਜ਼ ਦੀ ਆਸ ਨ ਰਖਕੇ ਕੇਵਲ ਅਪਣੇ ਪ੍ਰਭੂ ਤੋਂ ਇਹੋ ਮੰਗ ਕਰੇ ਕਿ ਉਹ ਧਰਮ ਲਈ ਹੋ ਰਹੇ ਸੰਗਰਾਮ ਵਿਚ ਆਪਣੀ ਜੀਵਨ ਅਹੂਤੀ ਸਹਿਜ ਹੀ ਦੇ ਸਕੇ। ਕੈਸਾ ਸੁੰਦਰ ਪ੍ਰਾਰਥਨਾ ਗੀਤ ਹੈ:—

ਦੇਹਿ ਸ਼ਿਵਾ ! ਵਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂ ਨ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰਿ ਅਪਨੀ ਜੀਤ ਕਰੋਂ।
ਅਰ ਸਿਖਹੋਂ ਅਪਨੇ ਹੀ ਮਨ ਕਉ,
ਇਹ ਲਾਲਚ ਹੈ ਗੁਣ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈਂ,
ਅਤਿ ਹੀ ਰਣ ਮਹਿ ਤਬ ਜੂਝ ਮਰੋਂ।


www.AKJ.Org

# ਸਿਖੀ ਦੀ ਪਰਖ

ਇਹਨਾਂ ਸਚੇ ਆਦਰਸ਼ਾਂ ਦੇ ਗੂੜ੍ਹੇ ਰੰਗ ਵਿਚ ਰੱਤੇ ਬਹਾਦਰਾਂ ਨੇ ਸੈਂਕੜੇ ਵਰ੍ਹੇ ਘੋਲ ਵਿਚ ਲਾਏ ਪਰ ਕਦੇ ਕਮਜ਼ੋਰੀ ਦਿਖਾ ਕੇ ਪਿਠ ਨ ਮੋੜੀ। ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਸਮੇਂ ਦਿਲੀ ਵਿਚ ਸੈਂਕੜੇ ਸਿੰਘਾਂ ਨੂੰ ਕਤਲ ਕਰ ਦਿਤਾ ਗਿਆ। ਇਸ ਸੂਰਬੀਰਾਂ ਦੀ ਫੌਜ ਵਿਚ ਇਕ ਛੋਟੀ ਉਮਰ ਦਾ ਭੁਝੰਗੀ ਵੀ ਸੀ। ਮਮਤਾ ਦੀ ਮਾਰੀ ਉਸ ਦੀ ਮਾਂ ਆਕੇ ਕਹਿਣ ਲਗੀ ਕਿ ਮੇਰਾ ਮੁੰਡਾ ਬਾਗੀ ਸਿਖਾਂ ਵਿਚੋਂ ਨਹੀਂ, ਗਲਤੀ ਨਾਲ ਫੜਕੇ ਲਿਆਂਦਾ ਗਿਆ ਹੈ। ਸ਼ਾਹੀ ਹੁਕਮ ਹੋਇਆ ਕਿ ਇਸ ਨੂੰ ਛਡ ਦਿਓ। ਮਗਰ ਭੁਝੰਗੀ ਦਾ ਜੁਆਬ ਸੀ, 'ਮੇਰੀ ਮਾਂ ਝੂਠ ਬੋਲ ਰਹੀ ਹੈ, ਮੈਂ ਦਿਲੋਂ ਮਨੋਂ ਸਿਖ ਹਾਂ, ਮੈਨੂੰ ਛੇਤੀ ਸ਼ਹਾਦਤ ਦਾ ਜਾਮ ਪਿਲਾਇਆ ਜਾਵੇ।' ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ, ਭਾਈ ਸ਼ਹਿਬਾਜ਼ ਸਿੰਘ ਤੇ ਹਕੀਕਤ ਰਾਇ ਧਰਮੀ ਨੇ ਬਹਾਦਰਾਂ ਵਾਂਗ ਹੱਸ ਹੱਸ ਕੇ ਜਾਨਾਂ ਦਿਤੀਆਂ ਪਰ ਮੁਖੜਾ ਨ ਮੋੜਿਆ। ਉਸ ਸਮੇਂ ਸਿੰਘਾਂ ਦਾ ਪਿਆਰਾ ਗੀਤ ਸੀ—

ਮੰਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਸਾਨੂੰ ਵਢਦਾ ਅਸੀਂ ਦੂਣ ਸਵਾਏ ਹੋਏ।

ਇਹ ਸ਼ਾਂਤਮਈ ਸੂਰਮਿਆਂ ਦਾ ਜੀਵਨ ਸੀ, ਵਿਅਕਤੀਗਤ ਕੁਰਬਾਨੀ ਦੀ ਪ੍ਰੀਖਿਆ ਸੀ। ਜਦ ਸ਼ਸਤ੍ਰਧਾਰੀ ਹੋ ਕੇ ਇਹੋ ਸੂਰਮੇ ਮੈਦਾਨ ਵਿਚ ਨਿਤਰੇ ਤਾਂ ਭਾ: ਬੋਤਾ ਸਿੰਘ ਵਾਂਙ ਇਕਲੇ ਹੀ ਸੈਂਕੜਿਆਂ ਨਾਲ ਲੜਦੇ ਸ਼ਹੀਦੀਆਂ ਪਾ ਗਏ। ਜਦੋਂ ਇਕਠੇ ਲੜ ਜੂਝਣ ਦਾ ਮੌਕਾ ਆਇਆ, ਜਾਬਰਾਂ ਨਾਲ ਅਕਾਲੀ ਫੌਜਾਂ ਨੂੰ ਸ਼ਸਤ੍ਰਬਧ ਟਾਕਰੇ ਕਰਨੇ ਪਏ ਤਾਂ ਉਨ੍ਹਾਂ ਤਲਵਾਰੀ ਚਮਤਕਾਰਾਂ ਨਾਲ ਵੈਰੀ ਨੂੰ ਹੈਰਾਨ ਕਰ ਦਿਤਾ।

ਸਿਖ ਇਤਿਹਾਸ ਵਿਚ ਵਰਤੇ ਘਲੂਘਾਰੇ ਸਿਖਾਂ ਦੀ ਸਮੂਹਕ ਕੁਰਬਾਨੀ ਦੀ ਸੁੰਦਰ ਮਿਸਾਲ ਹਨ। ਮਈ 1746 ਵਿਚ ਲਾਹੌਰ ਲਾਗੇ ਕਾਹਨੂੰਵਾਣ ਦੇ ਛੰਭ ਅੰਦਰ ਦੀਵਾਨ ਲਖਪਤ ਨੇ ਬੁਰੀ ਤਰਾਂ ਘੇਰ ਘੇਰ 7-8 ਹਜ਼ਾਰ ਸਿੰਘਾਂ ਨੂੰ ਸ਼ਹੀਦ ਕੀਤਾ ਸੀ ਤੇ ਇਤਨਾ ਇਕਠਾ ਨੁਕਸਾਨ ਅਗੇ ਕਦੀ ਨਹੀਂ ਸੀ ਹੋਇਆ, ਇਹ ਛੋਟਾ ਘਲੂਘਾਰਾ ਕਿਹਾ ਜਾਂਦਾ ਹੈ।

ਫਰਵਰੀ 1762 ਵਿਚ ਇਕੋ ਦਿਨ ਲਗ ਭਗ 15-20 ਹਜਾਰ ਸਿੰਘਾਂ ਨੂੰ ਰਣ ਤੱਤੇ ਵਿਚ ਅਪਣੀ ਕੁਰਬਾਨੀ ਦੇਣੀ ਪਈ ਪ੍ਰੰਤੂ ਬਾਵਜੂਦ ਅਜਿਹੀਆਂ ਕਾਰੀ ਸਟਾਂ ਦੇ ਸਿਖ ਸੂਰਬੀਰ ਡੋਲੇ ਨਹੀਂ, ਆਪਣੇ ਆਦਰਸ਼ਾਂ ਤੇ ਪੂਰੀ ਤਰ੍ਹਾਂ ਡਟੇ ਰਹੇ।

## ਵਡਾ ਘਲੂਘਾਰਾ

ਅਠਾਰਵੀਂ ਸਦੀ ਵਿਚ ਮੁਗ਼ਲ ਰਾਜ ਦੇ ਕਮਜ਼ੋਰ ਹੋ ਜਾਣ ਬਾਅਦ ਪੰਜਾਬ ਦੀ ਰਾਜਨੀਤਕ ਸਮਸਿਆ ਇਹ ਸੀ ਕਿ ਇਹ ਅਫ਼ਗਾਨ ਰਾਜ ਕਰਨ ਯਾ ਸਿੰਘ। 1761 ਵਿਚ ਪਾਨੀਪਤ ਦੇ ਮੈਦਾਨ ਅੰਦਰ ਅਹਿਮਦ ਸ਼ਾਹ ਅਬਦਾਲੀ ਨੇ ਮਰਾਠਿਆਂ ਦਾ ਲੱਕ ਤੋੜ ਦਿਤਾ ਸੀ, ਹੁਣ ਕੇਵਲ ਉਸ ਦਾ ਟਾਕਰਾ ਸਿਖ ਸੂਰਬੀਰਾਂ ਨਾਲ ਸੀ। ਏਸ ਕਰਕੇ ਉਸ ਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਵਿਉਂਤ ਵਿਉਂਤੀ ਤਾਕਿ ਦਿਲੀ ਤਕ ਕੋਈ



www.AKJ.Org

ਰੋਕ ਪਾਉਣ ਵਾਲਾ ਨਾ ਰਹੇ। ਇਹ ਸੋਚ ਕੇ ਉਹ ਛੇਵੀਂ ਵਾਰ ਹਮਲਾਵਾਰ ਹੋਇਆ ਤੇ ਭਾਰੀ ਲਸ਼ਕਰ ਸਮੇਤ 3 ਫ਼ਰਵਰੀ ਨੂੰ ਲਾਹੌਰੋਂ ਚਲ ਕੇ ਤਤਫਟ ਤੜਕਸਾਰ 5 ਫ਼ਰਵਰੀ 1762 ਈ. ਨੂੰ ਕੁਪ ਰਹੀੜੇ ਦੇ ਮੈਦਾਨ ਵਿਚ ਪੁਜ ਗਿਆ।

ਇਸੇ ਸਮੇਂ ਖਾਲਸਾ ਦਲ ਇਥੇ ਠਹਿਰਿਆ ਹੋਇਆ ਸੀ ਤੇ ਨਾਲ ਉਹਨਾਂ ਦਾ ਵਹੀਰ ਵੀ ਸੀ, ਪਿੰਡ ਗੁਰਮਾ ਤੋਂ ਰਹੀੜੇ ਤਕ ਦਲ ਦੇ ਡੇਰੇ ਸਨ। ਸਿਖਾਂ ਦਾ ਖਿਆਲ ਸੀ ਕਿ ਵਹੀਰ ਮਾਲਵੇ ਪਹੁੰਚਾ ਕੇ ਫਿਰ ਦੁਰਾਨੀ ਨਾਲ ਦੋ ਹਥ ਕਰਾਂਗੇ ਪਰ ਇਹ ਬਿੱਜ ਅਚਾਨਕ ਆਣ ਪਈ। ਮੂਹਰਿਉਂ ਜ਼ੈਨ ਖਾਂ ਹਾਕਮ ਸਰਹੰਦ, ਭੀਖਨ ਸ਼ਾਹ ਮਲੇਰ-ਕੋਟਲਾ ਤੇ ਦੀਵਾਨ ਲਛਮੀਨਾਰਾਇਣ ਰਾਏਕੋਟੀਆ ਖਾਲਸਈ ਵਹੀਰ ਨੂੰ ਘੇਰ ਕੇ ਲੜ ਰਹੇ ਸਨ ਤੇ ਪਿਛੋਂ ਅਬਦਾਲੀ 50 ਹਜ਼ਾਰ ਫੌਜ ਤੇ 20-30 ਹਜ਼ਾਰ ਮੁਸਲਮ ਮੁਲਖਈਆ ਲੈ ਕੇ ਚੜ੍ਹ ਆਇਆ। ਸਿੰਘਾਂ ਦੀ ਗਿਣਤੀ ਸਿੰਘਣੀਆਂ ਤੇ ਬਚੇ ਬੁਢਿਆਂ ਸਮੇਤ ਪੰਜਾਹ ਕੁ ਹਜ਼ਾਰ ਸੀ। ਬਹੁਤ ਭਾਰਾ ਖੂਨੀ ਸੰਗਰਾਮ ਹੋਇਆ। ਸਿੰਘਾਂ ਨੇ ਕੁੰਡਲ ਬਣ ਕੇ ਵਹੀਰ ਨੂੰ ਵਿਚਕਾਰ ਲੈ ਲਿਆ ਤੇ ਚਾਰੇ ਪਾਸਿਓਂ ਪਏ ਵੈਰੀ ਨਾਲ ਜੂਝਦਿਆਂ ਮਾਲਵੇ ਵਲ ਨੂੰ ਕੂਚ ਕੀਤਾ। ਪਠਾਣਾਂ ਦੀ ਇਹ ਕੋਸ਼ਸ਼ ਸੀ ਕਿ ਇਹ ਕੁੰਡਲ ਤੋੜ ਕੇ ਵਹੀਰ ਨੂੰ ਕਤਲ ਕਰ ਦਿਤਾ ਜਾਵੇ। ਕਈ ਵਾਰ ਉਹ ਟੁਟਕੇ ਪਏ ਵੀ ਪਰ ਸਿੰਘ ਮੁੜ ਇਹ ਘੇਰਾ ਬਣਾਂਦੇ ਤੇ ਦੁਸ਼ਮਣ ਨਾਲ ਸਿੜਦੇ ਜਾਂਦੇ। ਭਾਈ ਸ਼ੇਖੂ ਸਿੰਘ ਹੰਬਲਵਾਲ ਤੇ ਭਾਈ ਸੰਗੋ ਸਿੰਘ ਦੋ ਮਲਵਈ ਦਾਨੇ ਵਹੀਰ ਦੀ ਅਗਵਾਈ ਕਰ ਰਹੇ ਸਨ। ਇਹ ਬਹੁਤ ਕਠਨ ਕੰਮ ਸੀ ਕਿ ਹਜ਼ਾਰਾਂ ਦੀ ਤੇਦਾਦ ਦੇ ਵਹੀਰ ਦੀ ਰਾਖੀ ਸੰਭਾਲ ਕੀਤੀ ਜਾਵੇ ਤੇ ਦੁਸ਼ਮਣ ਨਾਲ ਵੀ ਟਾਕਰਾ ਲਿਆ ਜਾਵੇ। ਇਸ ਤਰ੍ਹਾਂ ਲੜਦੇ ਭਿੜਦੇ ਸੂਰਬੀਰ ਸਿੰਘ ਪਿੰਡ ਗਹਿਲ ਤੇ ਕੁਤਬੇ ਬਾਮਣੀ ਤੋਂ ਅਗੇ ਹਠੂਰ ਦੀ ਢਾਬ ਉਤੇ ਪਹੁੰਚੇ ਤੇ ਇਥੇ ਆ ਕੇ ਦੋਹਾਂ ਪਾਸਿਆਂ ਦੀਆਂ ਥਕੀਆਂ ਫ਼ੌਜਾਂ ਨੇ ਪਾਣੀ ਪੀਤਾ। ਅਠ ਘੰਟੇ ਲਗਾਤਾਰ ਬਾਰਾਂ ਕੋਹ ਲੜਦੇ ਲੜਦੇ ਸਾਰੇ ਹੀ ਅੱਕ ਥੱਕ ਚੁਕੇ ਸਨ ਤੇ ਦੁਰਾਨੀ ਦੀ ਫੌਜ ਬਹੁਤ ਹਾਰ ਹੁਟ ਚੁਕੀ ਸੀ ਤੇ ਉਸਨੂੰ ਇਹ ਵੀ ਪਤਾ ਸੀ ਕਿ ਅਗੇ ਜੰਗਲ ਦਾ ਇਲਾਕਾ ਹੈ ਤੇ ਪਾਣੀ ਵੀ ਘਟ ਹੀ ਮਿਲਦਾ ਹੈ। ਇਸ ਕਰ ਕੇ ਉਹ ਤਾਂ ਸ਼ਹੀਦ ਹੋਏ ਸਿੰਘਾਂ ਦੇ ਸਿਰਾਂ ਦੇ ਪੰਜਾਹ ਗੱਡੇ ਲੱਦ ਕੇ ਲਾਹੌਰ ਨੂੰ ਮੁੜ ਗਏ।

ਇਹ ਖੂਨੀ ਸਾਕਾ 28 ਮਾਘ 1818 ਬਿ: ਦਿਨ ਸ਼ੁਕਰਵਾਰ 5 ਫ਼ਰਵਰੀ 1762 ਨੂੰ ਹੋਇਆ। ਵਾਪਸੀ ਤੇ ਅਬਦਾਲੀ ਨੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਨੂੰ ਬਾਰੂਦ ਦੇ ਕੁਪੇ ਰਖ ਕੇ ਉਡਾ ਦਿਤਾ ਤੇ ਤਲਾ ਮਿਟੀ ਨਾਲ ਪੂਰ ਦਿਤਾ। 3 ਮਾਰਚ ਨੂੰ ਦੁਰਾਨੀ ਲਾਹੌਰ ਪਹੁੰਚਿਆ ਤੇ ਉਥੇ ਸ਼ਹਿਰ ਦੇ ਦਰਵਾਜ਼ਿਆਂ ਤੇ ਸਿੰਘਾਂ ਦੇ ਸਿਰਾਂ ਦੇ ਮੀਨਾਰ ਬਣਾਕੇ ਖੜੇ ਕਰ ਦਿਤੇ ਜਿਸ ਤੋਂ ਦੁਨੀਆਂ ਦੇਖੇ ਕਿ ਸਿੰਘ ਮਾਰ ਮੁਕਾ ਦਿਤੇ ਗਏ ਹਨ। ਇਸ ਲੜਾਈ ਵਿਚੋਂ ਕੋਈ ਸਿੰਘ ਐਸਾ ਨ ਬਚਿਆ ਜੋ ਜ਼ਖਮੀ ਨ ਹੋਇਆ ਹੋਵੇ। ਸ: ਜੱਸਾ ਸਿੰਘ ਆਹਲੂਵਾਲੀਆ ਦੇ 22 ਜ਼ਖਮ ਤੇ ਸ: ਚੜ੍ਹਤ ਸਿੰਘ ਦੇ 16 ਜ਼ਖਮ ਆਏ। ਵਹੀਰ ਦੀ ਰਖਵਾਲੀ ਦਾ ਕੰਮ ਚੜ੍ਹਤ ਸਿੰਘ ਜ਼ਿੰਮੇ ਸੀ ਤੇ ਆਹਲੂਵਾਲੀਆ ਸਰਦਾਰ ਸਾਰੇ ਦਲ ਖਾਲਸਾ ਦੀ ਕਮਾਨ ਕਰ ਰਹੇ ਸਨ। ਇਸ ਵਡੇ ਘਲੂਘਾਰੇ ਵਿਚ 15



www.AKJ.Org

ਹਜ਼ਾਰ ਤੋਂ ਉਤੇ ਸਿੰਘ ਸ਼ਹੀਦ ਹੋ ਗਏ ਸਨ। ਤਾਰੀਖ ਅਹਿਮਦਸ਼ਾਹੀ ਤੇ ਇਬਰਤਨਾਮੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ 30 ਹਜ਼ਾਰ ਅਤੇ ਸੱਯਦ ਮੁਹੰਮਦ ਲਤੀਫ ਤੇ ਕਨ੍ਹਈਆ ਲਾਲ ਨੇ 30 ਹਜ਼ਾਰ ਦਿਤੀ ਹੈ। ਭਾ. ਰਤਨ ਸਿੰਘ ਲਿਖਦੇ ਹਨ :

ਲੋਕ ਕਹੈਂ ਸਿੰਘ ਇਕ ਲੱਖ ਸਾਰਾ।
ਪਚਾਸ ਬਚਯੋ ਔਰ ਸਭ ਗਯੋ ਮਾਰਾ।
ਪਿਤਾ ਹਮਾਰੇ ਤੀਸ ਬਤਾਏ।
ਰਹੇ ਸੁ ਮਰ ਔਰ ਬਚ ਕਰ ਆਏ।

ਇਸ ਗਿਣਤੀ ਵਿਚ ਵਧੇਰੇ ਸੰਖਿਆ ਵਹੀਰ ਦੇ ਬਾਲ ਬੱਚੇ, ਬੁਢੇ ਠੇਰੇ ਤੇ ਜ਼ਨਾਨੀਆਂ ਆਦਿ ਦੀ ਸੀ ਜੋ ਚੁਪਾਸਿਓਂ ਘਿਰ ਜਾਣ ਕਾਰਨ ਕਤਲਾਮ ਦਾ ਸ਼ਿਕਾਰ ਹੋਏ। ਵਡਾ ਕਾਰਣ ਇਹ ਵੀ ਸੀ ਕਿ ਸਿੰਘਾਂ ਨੂੰ ਅਬਦਾਲੀ ਦੇ ਇਤਨਾ ਜਲਦੀ ਆਉਣ ਦੀ ਆਸ ਨਹੀਂ ਸੀ, ਦੂਜੇ ਉਸ ਪਾਸ ਕੇਵਲ ਫੌਜ ਸੀ, ਪਰਿਵਾਰਾਂ ਦੀ ਰਾਖੀ ਦਾ ਕੰਮ ਨਹੀਂ ਸੀ ਪਰ ਬਾਵਜੂਦ ਇਤਨੇ ਭਾਰੇ ਸੰਕਟ ਤੇ ਇਤਨੇ ਜਾਨੀ ਮਾਲੀ ਨੁਕਸਾਨ ਦੇ ਸਿੰਘ ਇਹ ਆਖ ਰਹੇ ਸਨ ਕਿ ਖਾਲਸਾ ਘੱਲੂ ਘਾਰੇ ਦੀ ਅੱਗ ਵਿਚ ਪੈ ਕੇ ਸ਼ੁਧ ਕੁੰਦਨ ਹੋ ਗਿਆ ਹੈ, ਇਹ ਅਮਰ ਹੈ, ਇਸ ਨੂੰ ਕੋਈ ਮਾਰ ਨਹੀਂ ਸਕਦਾ ਅਤੇ ਕਾਬਲੀ ਕੁਤਾ ਆਖਰ ਆਪਣੇ ਪਾਪਾਂ ਦਾ ਫਲ ਭੋਗਦਾ ਬੁਰੀ ਮੌਤੇ ਮਰੇਗਾ। ਤੇ ਸ਼ਹੀਦਾਂ ਦੀ ਅਸ਼ੀਰਵਾਦ ਨਾਲ ਸਿੰਘ ਸਦਾ ਵਧਦੇ ਫੂਲਦੇ ਰਹਿਣਗੇ।' ਡਾ: ਇਕਬਾਲ ਨੇ ਕਿਹਾ ਹੈ:—

ਕਤਲਿ ਹੁਸੈਨ ਦਰ ਅਸਲ ਮਰਗਿ ਯਜ਼ੀਦ ਥਾ
ਇਸਲਾਮ ਜ਼ਿੰਦਾ ਹੋਤਾ ਹੈ, ਹਰ ਕਰਬਲਾ ਕੇ ਬਾਦ।'

ਅਜਿਹੀ ਚੜ੍ਹਦੀ ਕਲਾ ਦੀ ਸਪਿਰਟ ਵਾਲੇ ਸਿਖ ਚੈਨ ਨਾਲ ਕਦ ਬੈਠ ਸਕਦੇ ਸਨ।

ਇਤਿਹਾਸ ਦੇ ਪਾਠਕ ਜਾਣਦੇ ਹਨ ਕਿ ਦੁਰਾਨੀ ਨੇ ਮਰਾਠਿਆਂ ਦਾ ਅਜੇਹਾ ਲੱਕ ਤੋੜਿਆ ਕਿ ਉਹ ਮੁੜਕੇ ਉਠ ਨਾ ਸਕੇ ਪਰੰਤੂ ਘਲੂਘਾਰੇ ਵਰਗੀ ਸਖਤ ਸੱਟ ਖਾ ਕੇ ਵੀ ਸਿੰਘ ਸੂਰਮੇਂ ਫਿਰ ਉਠੇ ਤੇ ਮਈ 1762 ਵਿਚ ਸਰਹੰਦ ਤੇ ਧਾਵਾ ਬੋਲ ਕੇ ਦੋਖੀਆਂ ਨੂੰ ਦੰਡ ਦਿਤਾ। 17 ਅਕਤੂਬਰ 1762 ਨੂੰ ਦੀਵਾਲੀ ਦੇ ਮੌਕੇ 60 ਹਜ਼ਾਰ ਸਿੰਘ ਹਰਿਮੰਦਰ ਦੇ ਖੋਲਿਆਂ ਤੇ ਅੰਮ੍ਰਿਤਸਰ ਇਕਠਾ ਹੋਇਆ। ਦੁਰਾਨੀ ਨੇ ਸੰਧੀ ਕਰਨ ਲਈ ਦੂਤ ਭੇਜਿਆ ਪਰ ਸ੍ਵੈਮਾਨੀ ਸਿੰਘਾਂ ਇਨਕਾਰ ਕਰ ਦਿਤਾ। ਅਬਦਾਲੀ ਫੌਜ ਲੈਕੇ ਅੰਮ੍ਰਿਤਸਰ ਆਇਆ ਤੇ ਸਿੰਘਾਂ ਦਿਨ ਭਰ ਕਰਾਰੇ ਹਥ ਦਿਖਾਕੇ ਪਠਾਣਾਂ ਨੂੰ ਸਖਤ ਭਾਂਝ ਦਿਤੀ ਤੇ ਲਾਹੌਰ ਤਕ ਉਹਨਾਂ ਦਾ ਪਿਛਾ ਕੀਤਾ। ਮਰਹਟਿਆਂ ਤੇ ਵਿਜੈ ਪਾਉਣ ਵਾਲੇ ਦੁਰਾਨੀ ਦੀ ਇਹ ਹਾਰ ਸਚਮੁਚ ਹੀ ਹੈਰਾਨੀ ਭਰੀ ਸੀ। ਅਖੀਰ ਖੁਆਜਾ ਅਬੀਦ ਖਾਂ ਨੂੰ ਹਾਕਮ ਲਾਹੌਰ ਤੇ ਕਾਬਲੀ ਮੱਲ ਨੂੰ ਉਸ ਦਾ ਦੀਵਾਨ ਥਾਪ ਕੇ ਉਹ ਦਸੰਬਰ 1762 ਵਿਚ ਆਪਣੇ ਵਤਨ ਅਫਗਾ-ਨਿਸਤਾਨ ਨੂੰ ਮੁੜ ਗਿਆ। ਸਿੰਘਾਂ ਉਸ ਨੂੰ ਝਨਾਂ ਤਕ ਲੁਟਿਆ ਤੇ ਬਹੁਤ ਸਾਰੇ ਪਠਾਣਾਂ ਨੂੰ ਕੈਦੀ ਬਣਾਕੇ ਲਿਆਂਦਾ ਤੇ ਉਹਨਾਂ ਤੋਂ ਅੰਮ੍ਰਿਤਸਰ ਦੇ ਸਰੋਵਰ ਦੀ ਮਿਟੀ ਕਢਾਈ। ਅਬਦਾਲੀ ਦੇ ਜਾਣ ਦੀ ਦੇਰ ਸੀ ਕਿ ਦਲ ਖਾਲਸੇ ਨੇ ਪਹਿਲੇ ਵਾਂਙ ਥਾਂ ਥਾਂ ਦਿਨਾਂ ਵਿਚ ਸਾਰਾ ਪੰਜਾਬ ਆਪਣੇ ਕਬਜ਼ੇ ਕਰ ਲਿਆ। ਇਹ ਹੈ ਖੰਡੇਧਾਰੀ ਖਾਲਸੇ ਦੀ ਕਰਾਮਾਤ ਜਿਹਨਾਂ ਪਠਾਣੀ ਦਾਬੇ ਨੂੰ ਮੁਕਾ ਆਜ਼ਾਦੀ ਦਾ ਰਾਹ ਦਿਖਾਇਆ।

ਸ: ਕਰਮ ਸਿੰਘ ਹਿਸਟੋਰੀਅਨ ਦੇ ਸ਼ਬਦਾਂ



www.AKJ.Org

ਵਿਚ 'ਸਿੰਘਾਂ ਦੀ ਇਹ ਪਹਿਲੀ ਜਿਤ ਸੀ ਜੋ ਉਨ੍ਹਾਂ ਨੇ ਪਠਾਣਾਂ ਉਤੇ ਪ੍ਰਾਪਤ ਕੀਤੀ। ਜਿਤਾਂ ਦਾ ਸਿਲਸਿਲਾ ਫਿਰ ਐਸਾ ਤੁਰਿਆ ਕਿ ਉਹ ਜਮਰੌਦ ਦੀ ਲੜਾਈ ਉਤੇ ਜਾ ਕੇ ਖਤਮ ਹੋਇਆ ਜਿਸ ਦਾ ਅਸਰ ਇਹ ਹੋਇਆ ਕਿ ਪੰਜਾਬ ਦੇ ਲੋਕਾਂ ਦੇ ਦਿਲਾਂ ਉਤੇ ਜੋ ਪਠਾਣਾਂ ਦਾ ਰੋਹਬ ਬੈਠਾ ਹੋਇਆ ਸੀ, ਉਹ ਜਾਂਦਾ ਰਿਹਾ ਅਤੇ ਪਠਾਣਾਂ ਦੇ ਦਿਲਾਂ ਉਤੇ ਸਿਖਾਂ ਦਾ ਰੋਹਬ ਬੈਠ ਗਿਆ, ਜੀਊਂਦੀਆਂ ਕੌਮਾਂ ਦੇ ਇਹੋ ਗੁਣ ਹੁੰਦੇ ਹਨ।'

ਸਿੰਘਾਂ ਦੇ ਇਸ ਉਚੇ ਆਚਰਣ ਦੀ ਦੇਸ਼ ਦੇ ਲੋਕਾਂ ਨੇ ਹੀ ਸਾਖੀ ਨਹੀਂ ਭਰੀ ਸਗੋਂ ਵੈਰੀਆਂ ਨੇ ਇਸ ਦੇ ਗੁਣ ਗਾਏ ਹਨ। ਕਾਜ਼ੀ ਨੂਰ ਮੁਹੰਮਦ ਜੋ 1764 ਈ. ਵਿਚ ਅਹਿਮਦਸ਼ਾਹ ਦੁਰਾਨੀ ਦੇ ਸਤਵੇਂ ਹਲੇ ਸਮੇਂ ਨਾਲ ਆਇਆ, ਉਹ ਸਿੰਘ ਸੂਰਮਿਆਂ ਦੇ ਕਾਰਨਾਮੇ ਅੱਖੀਂ ਵੇਖ ਵੈਰੀ ਹੋਣ ਦੇ ਬਾਵਜੂਦ ਪ੍ਰਸੰਸਾ ਕਰਨੋਂ ਨਹੀਂ ਰੁਕਦਾ, ਉਹ ਲਿਖਦਾ ਹੈ—

'ਸਿੰਘਾਂ ਨੂੰ ਸਗ-ਕੁਤੇ ਨ ਆਖ, ਉਹ ਸ਼ੇਰ ਹਨ। ਉਹ ਮਰਦਾਂ ਦੇ ਮਰਦ ਸ਼ੇਰਾਂ ਵਾਂਙ ਦਲੇਰ ਹਨ। ਭਲਾ ਕੋਈ ਰਣ ਦਾ ਸੂਰਮਾ ਜੋ ਲੜਾਈ ਵਿਚ ਸੀਂਹ ਵਾਂਙ ਬੁਕੇ ਕਦੇ ਸਗ (ਕੁਤਾ) ਹੋ ਸਕਦਾ ਹੈ। ਜੇ ਤੈਨੂੰ ਲੜਾਈ ਦਾ ਕਸਬ ਸਿਖਣ ਦੀ ਚਾਹ ਹੈ ਤਾਂ ਰਣ ਭੂਮੀ ਵਿਚ ਇਹਨਾਂ ਦੇ ਸਾਹਮਣੇ ਹੋ।'......

'ਜਦ ਇਹ ਹਥ ਵਿਚ ਤਲਵਾਰ ਫੜਦੇ ਹਨ ਤਾਂ ਸਿੰਧ ਤਕ ਮਾਰੋ ਮਾਰ ਕਰਦੇ ਚਲੇ ਜਾਂਦੇ ਹਨ। ਕੋਈ ਆਦਮੀ ਇਹਨਾਂ ਦੇ ਸਾਹਮਣੇ ਅੜ ਨਹੀਂ ਸਕਦਾ ਭਾਵੇਂ ਉਹ ਕਿਡਾ ਹੀ ਜਰਵਾਣਾ ਕਿਉਂ ਨ ਹੋਵੇ। ਜਦ ਇਹ ਹਥ ਵਿਚ ਨੇਜ਼ਾ ਫੜਦੇ ਹਨ, ਤਾਂ ਵੈਰੀ ਦੀ ਸੈਨਾ ਵਿਚ ਭਾਂਜ ਪਾ ਦਿੰਦੇ ਹਨ। ਜਦ ਇਹ ਨੇਜੇ ਦੀ ਅਣੀ ਉਤਾਂਹ ਚੁਕਦੇ ਹਨ ਤਾਂ ਅਗੇ ਭਾਵੇਂ ਕੋਹ ਕਾਫ਼ ਹੋਵੇ ਉਸ ਨੂੰ ਵੀ ਲੀਰਾਂ ਲੀਰਾਂ ਕਰ ਦਿੰਦੇ ਹਨ। ਜਦ ਇਹ ਕਮਾਨ ਦਾ ਚਿੱਲਾ ਚਾੜ੍ਹਦੇ ਹਨ ਤਾਂ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰਖਦੇ ਤੇ ਫੇਰ ਚਿਲੇ ਨੂੰ ਖਿਚਕੇ ਕੰਨ ਤੀਕ ਲੈ ਜਾਂਦੇ ਹਨ ਇਸ ਨਾਲ ਵੈਰੀ ਦਾ ਸਰੀਰ ਕੰਬਣ ਲਗ ਜਾਂਦਾ ਹੈ। ਲੜਾਈ ਦੇ ਸਮੇਂ ਜਦ ਇਹ ਬੰਦੂਕ ਫੜਦੇ ਹਨ ਤਾਂ ਸ਼ੇਰਾਂ ਵਾਂਗ ਬੁਕਦੇ ਤੇ ਪੈਲਾਂ ਪਾਉਂਦੇ ਰਣ ਭੂਮੀ ਵਿਚ ਆਉਂਦੇ ਹਨ। ਆਉਂਦੇ ਹੀ ਕਈਆਂ ਦੇ ਸੀਨੇ ਛਾਨਣੀ ਛਾਨਣੀ ਕਰ ਸੁਟਦੇ ਤੇ ਕਈਆਂ ਨੂੰ ਮਿਟੀ ਵਿਚ ਆ ਮਿਲਾਉਂਦੇ ਹਨ। ਇਉਂ ਸਮਝੋ ਕਿ ਪਿਛਲੇ ਸਮੇਂ ਬੰਦੂਕ ਕਿਤੇ ਇਹਨਾਂ ਨੇ ਹੀ ਬਣਾਈ ਹੋਵੇਗੀ, ਲੁਕਮਾਨ ਨੇ ਨਹੀਂ। ਭਾਵੇਂ ਬੰਦੂਕਾਂ ਤਾਂ ਹਰੇਕ ਪਾਸ ਬਥੇਰੀਆਂ ਹਨ ਪਰ ਇਹਨਾਂ ਨਾਲੋਂ ਇਸਦਾ ਵਧਕੇ ਕੋਈ ਕਾਰੀਗਰ ਨਹੀਂ। ਇਹ ਸੱਜੇ ਖੱਬੇ, ਅੱਗੇ ਪਿਛੇ ਲਗਾਤਾਰ ਗੋਲੀਆਂ ਦਾਗੀ ਜਾਂਦੇ ਹਨ। ਜੇਕਰ ਮੇਰੀ ਗੱਲ ਦਾ ਨਿਸਚਾ ਨਹੀਂ ਤਾਂ ਲੜਾਈ ਕਰਨ ਵਾਲਿਆਂ ਪਾਸੋਂ ਪੁਛ ਵੇਖ। ਉਹ ਤੈਨੂੰ ਮੈਥੋਂ ਵੀ ਵਧ ਦਸਣਗੇ ਤੇ ਇਹਨਾਂ ਦੇ ਜੰਗੀ ਕਸਬ ਨੂੰ ਸਲਾਹੁਣਗੇ। ਮੇਰੀ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਸੂਰਮੇ ਹਨ ਜੋ ਲੜਾਈ ਵਿਚ ਇਹਨਾਂ ਨਾਲ ਨਾਲ ਟਾਕਰਾ ਲੈ ਚੁਕੇ ਹਨ।'

'ਲੜਾਈ ਤੋਂ ਵਧ ਕੇ ਇਹਨਾਂ ਦੀ ਇਕ ਹੋਰ ਗੱਲ ਵੀ ਸੁਣ, ਜਿਸ ਵਿਚ ਇਹ ਬਾਕੀ ਜੰਗਜੂ ਲੋਕਾਂ ਨਾਲੋਂ ਬਹੁਤ ਅਗੇ ਵਧੇ


www.AKJ.Org

ਹੋਏ ਹਨ। ਇਹ ਕਾਇਰ ਨੂੰ ਜੋ ਲੜਾਈ ਵਿਚ ਹਥਿਆਰ ਰਖ ਦੇਵੇ, ਕਦੀ ਵੀ ਨਹੀਂ ਮਾਰਦੇ ਤੇ ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਇਹ ਨਾ ਕਿਸੇ ਤ੍ਰੀਮਤ ਦਾ ਗਹਿਣਾ ਰੁਪਈਆ ਲੁਟਦੇ ਹਨ ਭਾਵੇਂ ਉਹ ਵਡੀ ਸੁਆਣੀ ਹੋਵੇ ਤੇ ਭਾਵੇਂ ਮਾਮੂਲੀ ਗੋਲੀ ਬਾਂਦੀ। ਇਹਨਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ।'

ਤਵਾਰੀਖੇ ਪੰਜਾਬ' ਵਿਚ ਬੂਟੇ ਸ਼ਾਹ ਨੇ ਵੀ ਇਹੋ ਗੱਲ ਦੁਹਰਾਈ ਹੈ ਕਿ 'ਜੇ ਕਿਧਰੇ ਸਿੱਖ ਕਿਸੇ ਕਾਫਲੇ ਉਤੇ ਹੱਲਾ ਬੋਲਦੇ ਤਾਂ ਉਹ ਮਰਦ ਦੇ ਸਿਰੋਂ ਪਗੜੀ ਉੱਕਾ ਹੀ ਨਹੀਂ ਸਨ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਗਟਿਆਂ ਜਾਂ ਕਪੜੇ ਲੱਤੇ ਨੂੰ ਹਥ ਪਾਉਂਦੇ ਸਨ।'

ਪੰਜਾਬ ਦੇ ਅਜੇਹੇ ਸੁਚੇ ਬੀਰ ਸੈਨਕਾਂ ਦੀ ਸਿਫਤ ਕਰਦਿਆਂ ਇਕ ਵਾਰ ਹਿੰਦੁਸਤਾਨੀ ਫੌਜਾਂ ਦੇ ਅੰਗਰੇਜ਼ ਕਮਾਂਡਰ ਜਨਰਲ ਬਰਡਵੁਡ ਨੇ ਕਿਹਾ ਸੀ, 'ਮੈਨੂੰ ਅਪਣੀ ਪਤਨੀ ਤੇ ਲੜਕੀ ਨੂੰ ਇਕ ਸਿੰਘ ਸਿਪਾਹੀ ਦੀ ਹਿਫ਼ਾਜ਼ਤ ਵਿਚ ਛਡਦਿਆਂ ਕੋਈ ਝਿਜਕ ਨਹੀਂ ਹੁੰਦੀ ਕਿਉਂਕਿ ਮੈਂ ਸਮਝਦਾ ਹਾਂ ਕਿ ਇਕ ਸਿਖ ਸਿਪਾਹੀ ਦੀ ਮੌਜੂਦਗੀ ਵਿਚ ਉਹ ਹਰ ਪਰਕਾਰ ਸੁਰੱਖਿਅਤ ਹਨ।

ਇਹ ਗ਼ੈਰ ਸਿਖਾਂ ਦੀਆਂ ਰਾਵਾਂ ਇਸ ਗੱਲ ਨੂੰ ਸਪਸ਼ਟ ਕਰਨ ਲਈ ਕਾਫ਼ੀ ਹਨ ਕਿ ਸਿੰਘ ਆਚਰਣ ਦੀ ਵਿਸ਼ੇਸ਼ਤਾ ਸੰਤ ਸਿਪਾਹੀ ਗੁਣਾਂ ਦਾ ਸੰਗਮ ਹੈ, ਉਹ ਤਲਵਾਰੀਏ ਹੋ ਕੇ ਵੀ ਸੰਤਪੁਣੇ ਯਾ ਨੇਕੀ ਤੋਂ ਦੂਰ ਨਹੀਂ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਬੀਰਤਾ ਦੀ ਪਾਣ ਦੇ ਕੇ ਜਿਵੇਂ ਸਰਬ ਲੋਹੀ ਖਾਲਸਾ ਸਾਜਿਆ ਸੀ, ਉਹ ਉਵੇਂ ਜਿਵੇਂ ਹਰ ਸੰਕਟ ਵਿਚੋਂ ਕੁੰਦਨ ਬਣ ਕੇ ਨਿਕਲਿਆ ਤੇ ਰਾਜ ਭਾਗ ਦਾ ਵਾਲੀ ਬਣਿਆ। ਅੰਗਰੇਜ਼ੀ ਰਾਜ ਹੋ ਜਾਣ ਤੇ ਫਿਰ ਸੰਗਰਾਮ ਅਰੰਭਣਾ ਪਿਆ। ਬਾਬਾ ਰਾਮ ਸਿੰਘ ਦੇ ਹੋਕੇ ਤੇ ਮਲਵਈ ਬੀਰ ਤੋਪਾਂ ਸਾਹਮਣੇ ਉਡ ਗਏ, ਪਰ ਧੰਨ ਸਨ ਉਹ, ਕਿਸੇ ਨੇ ਸੀ ਤਕ ਨਾ ਕੀਤੀ। ਅਕਾਲੀ ਲਹਿਰ ਦੀ ਟੇਕ ਹੀ ਇਹੋ ਗੀਤ ਸੀ—

'ਮੇਰਾ ਸਿਰ ਜਾਵੇ ਤਾਂ ਜਾਵੇ
ਪਰ ਸਿਖੀ ਸਿਦਕ ਨਾ ਜਾਵੇ।

---

**ਸੂਚਨਾ**—ਪਵਿਤ੍ਰ ਗੁਰਧਾਮਾਂ ਦੀ ਯਾਤਰਾ ਸਮੇਂ ਇਕ ਗਰੁਪ-ਫ਼ੋਟੋ ਪੂਨਾ ਵਿਖੇ ਲਈ ਗਈ ਸੀ। ਇਸਦੀ ਭੇਟਾ ਕੇਵਲ ਛੇ ਰੁਪੈ ਸਮੇਤ ਡਾਕ ਖ਼ਰਚ ਹੈ। ਲੋੜਵੰਦ ਸਜਨ ਹੇਠ ਲਿਖੇ ਪਤੇ ਤੇ ਮਾਇਆ ਭੇਜ ਕੇ ਮੰਗਵਾ ਸਕਦੇ ਹਨ। ਪਤਾ—ਮੈਨੇਜਰ 'ਸੂਰਾ' ਰਾਘੋਮਾਜਰਾ, ਪਟਿਆਲਾ।

---

**ਸ਼ੋਕ ਸਮਾਚਾਰ**—ਸ: ਕਪੂਰ ਸਿੰਘ ਜੀ ਗਰੇਵਾਲ ਡੀ ਈ ਓ. ਗੁਰਦਾਸਪੁਰ ਵਲੋਂ ਆਪਣੇ ਜਨਮ ਨਗਰ ਬਹਿਬਲ ਖੁਰਦ ਉਰਫ ਨਿਆਮੀ ਵਾਲਾ ਜ਼ਿਲਾ ਬਠਿੰਡਾ ਵਿਖੇ ਆਪਣੇ ਭਰਾਤਾ ਸ: ਮਹਾਂ ਸਿੰਘ ਜੀ ਗਰੇਵਾਲ ਨਮਿਤ ੧ ਜਨਵਰੀ ਨੂੰ ਪਾਠ ਦਾ ਭੋਗ ਪੁਆਇਆ ਗਿਆ। ੨੦) ਰੁਪੈ ਅਖਬਾਰਾਂ ਨੂੰ ਭੇਜੇ ਗਏ। ਪੰਜ ਰੁਪਏ 'ਸੂਰਾ' ਪੱਤਰ ਨੂੰ ਭੇਜੇ ਜਾਂਦੇ ਹਨ। (ਮੇਹਰ ਸਿੰਘ 'ਬੀਰ' ਗਿਆਨੀ)



www.AKJ.Org

# ਅੰਮ੍ਰਿਤ ਵੇਲਾ—੩

( ਡਾ: ਤੇਜਇੰਦਰ ਸਿੰਘ ਜੀ ਭੁਪਾਲ )

(੧) ਸਲੋਕ ਮ: ੧ ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ।
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥
ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥
ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥
ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥
ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥
ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥
ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥

(੨) ਸਲੋਕ ਮ:੨ ॥ ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕ ਭਾਲਹਿ ਗੁਣੀ ਗਹੀਰੁ
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥੧॥

ਇਨ੍ਹਾਂ ਸਲੋਕਾਂ ਦੇ ਅਰਥ ਟੀਕਾ ਕਾਰਾਂ ਨੇ ਕਿਸੇ ਕਿਸੇ ਪੰਗਦੀ ਵਿਚ ਕੁਝ ਵਖੋ ਵਖ ਕੀਤੇ ਹਨ ਪਰ ਭਾਵ ਸਭਨਾ ਦਾ ਇਕੋ ਹੈ ਤੇ ਜਿਸ ਭਾਲ ਵਿਕ ਅਸੀਂ ਲਗੇ ਹਾਂ ਉਸ ਦੇ ਪੱਖ ਤੋਂ ਕੋਈ ਫਰਕ ਨਹੀਂ ਸ਼ਬਦਾਰਥ (ਗੁਰਸੇਵਕ ਸਭਾ) ਦੇ ਅਰਥ ਹੇਠ ਲਿਖੇ ਹਨ। ਪਹਿਲੇ ਸਲੋਕ ਮ: ੧ ਲਿਆ ਹੈ।

(੧) (ਸੁਬਹ ਵੇਲੇ) ਅੰਮ੍ਰਿਤ ਵੇਲੇ ਜੋ ਸਿਫ਼ਤ ਸਾਲਾਹ ਕਰਦੇ ਹਨ, ਅਤੇ ਇਕਾਗਰ ਹੋ ਕੇ ਧਿਆਉਂਦੇ ਹਨ।

(੨) ਸੇਈ ਪੂਰੇ ਸ਼ਾਹ ਹਨ ਜੋ ਅੰਮ੍ਰਿਤ ਵੇਲਾ ਚੰਗੀ ਤਰ੍ਹਾਂ ਵਰਤਦੇ ਹਨ।

(੩) ਦੂਜੇ ਪਹਿਰ ਦਿਨ ਚੜ੍ਹ ਪਿਆ ਤਾਂ ਮਨ ਕਈ ਪਾਸੇ ਦੌੜਦਾ ਹੈ।

ਸਿੱਟਾ:—(੧) ਇਥੇ ਪਹਿਰਾਂ ਦੀ ਵੰਡ ਲਈ ਹੈ। ਪਹਿਲਾ ਪਹਿਰ ਸੁਬਹ ਦਾ ਲਿਆ ਹੈ ਜੋ ਅੰਮ੍ਰਿਤ ਵੇਲਾ ਇਕ ਪਹਿਰ ਦਾ ਹੋਇਆ।

(੨) ਪੂਰਾ ਸ਼ਾਹ ਉਹੋ ਹੋਇਆ ਜਿਸ ਨੇ ਇਸ ਨੂੰ ਚੰਗੀ ਤਰ੍ਹਾਂ ਵਰਤਿਆ। (੩) ਦੂਜਾ ਪਹਿਰ ਦਿਨ ਚੜ੍ਹ ਗਿਆ ਜਿਸ ਦਾ ਅਰਥ ਇਹ ਹੋਇਆ ਕਿ ਅੰਮ੍ਰਿਤ ਵੇਲਾ ਦਿਨ ਚੜ੍ਹਨ ਤੋਂ ਪਹਿਲੇ ਦਾ ਪਹਿਰ ਹੁੰਦਾ ਹੈ ਜਾਂ ਤਿੰਨ ਘੰਟੇ ਪਿਛਲੇ ਰਾਤ ਦਾ ਦਾ ਹਿੱਸਾ।

ਜੇ ਅਠੇ ਪਹਿਰ ਹਰੀ ਦਾ ਡਰ ਹੋਵੇ ਤਾਂ (ਕੇਵਲ ਸਵੇਰ ਵੇਲਾ ਹੀ ਨਹੀਂ) ਸਭ ਵੇਲਾ ਵਖਤ ਪਵਿੱਤ੍ਰ ਹੈ।



www.AKJ.Org

ਸਿੱਟਾ:—ਜੇ ਅੱਠੇ ਪਹਿਰ ਹਰੀ ਦੇ ਪਯਾਰ ਵਾਲੇ ਡਰ ਵਿਚ ਰਹਿਣ ਵਾਲੀ ਉਚ ਅਵਸਥਾ ਨਹੀਂ ਪੁਜੇ, ਜਦ ਕਿ ਅਠੇ ਪਹਿਰ (ਸਣੇ ਅੰਮ੍ਰਿਤ ਵੇਲੇ ਦੇ) ਹਰੀ ਦੀ ਯਾਦ ਵਿਚ ਰਹਿਣਾ ਹੈ ਤਦ ਇਹ ਜ਼ਰੂਰੀ ਹੈ ਕਿ (ਨਾਮ ਜਪਣ ਤੇ ਵਡਿਆਈ ਵੀਚਾਰ ਲਈ) ਸਿਰਫ ਅੰਮ੍ਰਿਤ ਵੇਲਾ ਹੀ ਪਵਿਤ੍ਰ ਰਹਿ ਗਿਆ।

ਹੁਣ ਅਗਲਾ ਸਲੋਕ ਲਓ—

(੪) (ਸੁਬਾਹ ਦੇ ਚੌਥੇ ਪਹਿਰ ਅਸਲੀ ਹੋਸ਼ਾਂ ਵਾਲੇ ਉਤਸ਼ਾਹ ਵਿਚ ਆਉਂਦੇ ਹਨ, (੫) ਉਹ ਉਠਕੇ ਦਰਿਆਵਾਂ ਵੱਲ ਜਾਂਦੇ ਹਨ ਹਿਰਦੇ ਤੋਂ ਤੇ ਮੂੰਹ ਤੋਂ ਸੱਚਾ ਨਾਮ ਉਚਾਰਨ ਕਰਦੇ ਹੋਏ।

(੬) ਉਥੇ ਅੰਮ੍ਰਿਤ ਵੰਡਦੇ ਹਨ ਤੇ ਇਹ ਦਾਤ ਬਖਸ਼ਸ਼ ਨਾਲ ਮਿਲਦੀ ਹੈ।

(੭) ਓਥੇ ਸੋਨੇ ਰੂਪ ਦੇਹੀ ਨੂੰ ਕਸ ਲਗਦੀ ਹੈ, ਪਰਖ ਵੇਲੇ ਤੇ ਸੋਹਣਾ ਰੰਗ ਚੜ੍ਹਦਾ ਹੈ।

(੮) ਇਹ ਪਹਿਰ ਹਰੀ ਜੱਸ ਵਿਚ ਲਗਾ ਕੇ ਬਾਕੀ ਸੱਤ ਪਹਿਰਾਂ ਵਿਚ ਸੱਚਾ ਜੀਵਨ ਬਿਤਾਉਣਾ ਚੰਗਾ ਹੈ।

ਸਿੱਟਾ—(੧) ਅੰਮ੍ਰਿਤ ਵੇਲੇ ਉਠ ਕੇ ਜੋ ਉਤਸ਼ਾਹ ਨਾਲ ਨਾਮ ਸਿਮਰਦੇ ਹਨ ਉਨ੍ਹਾਂ ਨੂੰ ਅਸਲੀ ਹੋਸ਼ਾਂ ਵਾਲੇ ਆਖਿਆ ਹੈ।

(੨) ਇਕ ਪਹਿਰ ਅੰਮ੍ਰਿਤ ਵੇਲੇ ਦਾ ਜਸ ਵਿਚ ਲਾਉਣ ਦਾ ਭਾਵ ਇਹ ਹੋਇਆ ਕਿ ਅੰਮ੍ਰਿਤ ਵੇਲਾ ਤਿੰਨ ਘੰਟੇ ਦਾ ਹੈ। ਬਾਕੀ ਦੇ ਸੱਤ ਪਹਿਰ ਬਿਲਕੁਲ ਵੱਖਰੇ ਕਰ ਦਿਤੇ ਹਨ। ਦੋ ਵੰਡਾਂ ਸਾਫ ਹਨ ਤੇ ਉਨ੍ਹਾਂ ਵੇਲਿਆਂ ਦੇ ਕਰਮ ਵੀ ਸ਼ਪਸ਼ਟ ਹਨ।

ਹੁਣ ਪਰੋਫੈਸਰ ਸਾਹਿਬ ਸਿੰਘ ਜੀ ਦੇ ਟੀਕੇ ਦੇ ਅਰਥ ਦਿਤੇ ਜਾਂਦੇ ਹਨ:—

ਪਦ ਅਰਥ:-ਸਬਾਹੀ=ਸੁਬਹ ਵੇਲੇ, ਅੰਮ੍ਰਿਤ ਵੇਲੇ।

ਦੂਜੇ=ਦੂਜੇ ਪਹਿਰ (ਭਾਵ ਦਿਨ ਚੜ੍ਹੇ)।

ਅਰਥ—(੧) ਜੋ ਮਨੁਖ ਸਵੇਰੇ (ਅੰਮ੍ਰਿਤ ਵੇਲੇ) ਹੀ ਪ੍ਰਭੂ ਦੀ ਸਿਫਤ-ਸਾਲਾਹ ਕਰਦੇ ਹਨ, ਇਕ ਮਨ ਹੋ ਕੇ ਪ੍ਰਭੂ ਨੂੰ ਸਿਮਰਦੇ ਹਨ।

(੨) ਵੇਲੇ ਸਿਰ (ਅੰਮ੍ਰਿਤ ਵੇਲੇ) ਮਨ ਨਾਲ ਜੰਗ ਕਰਦੇ ਹਨ,(ਭਾਵ ਆਲਸ ਵਿਚੋਂ ਨਿਕਲ ਕੇ ਬੰਦਗੀ ਦਾ ਆਹਰ ਕਰਦੇ ਹਨ) ਉਹੀ ਪੂਰੇ ਸ਼ਾਹ ਹਨ।

(੩, ੪) ਦਿਨ ਚੜ੍ਹੇ ਮਨ ਦੀਆਂ ਵਾਸ਼ਨਾਂ ਖਿੱਲਰ ਜਾਂਦੀਆਂ ਹਨ, ਮਨ ਕਈ ਰਾਹੀਂ ਦੌੜਦਾ ਹੈ, ਮਨੁਖ ਦੁਨੀਆਂ ਦੇ ਡੂੰਘੇ ਸਮੁੰਦਰ ਵਿਚ ਪੈ ਜਾਂਦੇ ਹਨ। ਇਥੇ ਹੀ ਅਜੇਹੇ ਗੋਤੇ ਖਾਂਦੇ ਹਨ (ਭਾਵ ਫਸਦੇ ਹਨ) ਕਿ ਨਿਕਲ ਨਹੀਂ ਸਕਦੇ।

(੯, ੧੦) (ਸੋ ਅੰਮ੍ਰਿਤ ਵੇਲਾ ਹੀ ਸਿਮਰਨ ਲਈ ਜ਼ਰੂਰੀ ਹੈ ਪਰ) ਜਦੋਂ ਅੰਮ੍ਰਿਤ ਵੇਲੇ ਦੇ ਅਭਿਆਸ ਨਾਲ ਅਠੇ ਪਹਿਰ ਪਰਮਾਤਮਾਂ ਦਾ ਡਰ ਅਦਬ (ਮਨ ਵਿਚ) ਟਿਕ ਜਾਏ ਤਾਂ ਸਾਰੇ ਵੇਲੇ ਵਕਤਾਂ ਵਿਚ (ਮਨ ਪ੍ਰਭੂ ਚਰਨਾਂ ਵਿਚ ਜੁੜ ਸਕਦਾ ਹੈ; ਇਸ ਤਰ੍ਹਾਂ) ਹੇ ਨਾਨਕ (ਜੇ ਅਠੇ ਪਹਿਰ) ਮਾਲਕ ਮਨ ਵਿਚ ਵਸਿਆ ਰਹੇ ਤਾਂ ਸਦਾ ਟਿਕੇ ਰਹਿਣ ਵਾਲਾ (ਆਤਮਕ) ਇਸ਼ਨਾਨ ਪ੍ਰਾਪਤ ਹੁੰਦਾ ਹੈ।

ਹੁਣ ਦੂਸਰੇ ਸਲੋਕ ਵਿਚੋਂ ਅਰਥ:—

ਸਵੇਰ ਦੇ ਚਉਥੇ ਪਹਿਰ (ਭਾਵ ਅੰਮ੍ਰਿਤ ਵੇਲੇ) ਉਚੀ ਸੁਰਤ ਵਾਲੇ ਬੰਦਿਆਂ ਦੇ ਮਨ ਵਿਚ (ਇਸ ਨਉ ਨਿਧ ਨਾਮ ਲਈ) ਚਾਉ ਪੈਦਾ ਹੁੰਦਾ



www.AKJ.Org

ਹੈ (ਉਸ ਵੇਲੇ) ਉਹਨਾਂ ਦੀ ਸਾਂਝ ਉਹਨਾਂ ਗੁਰਮੁਖਾਂ (ਦਰਿਆਵਾਂ) ਨਾਲ ਬਣਦੀ ਹੈ (ਜਿਨ੍ਹਾਂ ਦੇ ਅੰਦਰ ਨਾਮ ਦਾ ਪਰਵਾਹ ਚਲ ਰਿਹਾ ਹੈ) ਅਤੇ ਉਨ੍ਹਾਂ ਦੇ ਮਨ ਵਿਚ ਤੇ ਮੂੰਹ ਵਿਚ ਸਚਾ ਨਾਮ ਵਸਦਾ ਹੈ। ਉਥੇ (ਸਤਿਸੰਗ ਵਿਚ) ਨਾਮ ਅੰਮ੍ਰਿਤ ਵੰਡਿਆ ਜਾਂਦਾ ਹੈ। ਪ੍ਰਭੂ ਦੀ ਮੇਹਰ ਨਾਲ ਉਨ੍ਹਾਂ ਨੂੰ ਨਾਮ ਦੀ ਦਾਤ ਮਿਲਦੀ ਹੈ। (ਜਿਵੇਂ ਤਾਉ ਦੇ ਕੇ) ਸੋਨੇ (ਨੂੰ ਕਸ ਲਾਈਦੀ ਹੈ ਤਿਵੇਂ ਅੰਮ੍ਰਿਤ ਵੇਲੇ ਘਾਲ ਕਮਾਈ ਦੀ ਉਹਨਾਂ ਦੇ) ਸਰੀਰ ਨੂੰ ਕਸ ਲਾਈਦੀ ਹੈ ਤੇ (ਭਗਤੀ ਦਾ) ਸੋਹਣਾ ਰੰਗ ਚੜ੍ਹਦਾ ਹੈ।

(ਅਠਵਾਂ ਪਹਿਰ ਅੰਮ੍ਰਿਤ ਵੇਲਾ ਪ੍ਰਭੂ ਚਰਣਾਂ ਵਿਚ ਵਰਤਕੇ ਬਾਕੀ ਦੇ) ਸਤ ਪਹਿਰ ਭੀ ਆਚਰਨ (ਬਠਾਉਣ ਦੀ ਲੋੜ ਹੈ) ਗੁਰਮੁਖਾਂ ਪਾਸ ਬੈਠਣਾ ਚਾਹੀਦਾ ਹੈ। ਉਹਨਾਂ ਦੀ ਸੰਗਤ ਵਿਚ ਬੈਠਿਆਂ ਚੰਗੇ ਮੰਦੇ ਕੰਮ ਦੀ ਵਿਚਾਰ ਹੁੰਦੀ ਹੈ। ਝੂਠ ਦੀ ਪੂੰਜੀ ਘਟਦੀ ਹੈ......।

ਸਿੱਟਾ:—ਅੰਮ੍ਰਿਤ ਵੇਲੇ ਜੋ ਪ੍ਰਭੂ ਨੂੰ ਇਕ ਮਨ ਹੋ ਕੇ ਸਿਮਰਦੇ ਹਨ ਉਹੀ ਪੂਰੇ ਸ਼ਾਹ ਹਨ (ਭਾਵ ਅੰਮ੍ਰਿਤ ਵੇਲੇ ਦੀ ਮਹੱਤਤਾ ਅਧਿਕ ਦੱਸੀ ਹੈ)। ਅੰਮ੍ਰਿਤ ਵੇਲਾ ਹੀ ਸਿਮਰਨ ਲਈ ਜ਼ਰੂਰੀ ਹੈ ਤੇ ਬਾਕੀ ਦੇ ਸਤ ਪਹਿਰ ਭਲਾ ਆਚਰਣ ਬਨਾਉਣ ਲਈ ਹਨ। ਬਾਕੀ ਦੇ ਸੱਤਾਂ ਪਹਿਰਾਂ ਲਈ ਪਹਿਲੇ ਅਜੇ ਅੰਮ੍ਰਿਤ ਵੇਲੇ ਦੇ ਅਭਿਆਸ ਦੀ ਲੋੜ ਹੈ। ਪਹਿਲੀ ਪੌੜੀ ਅੰਮ੍ਰਿਤ ਵੇਲਾ ਹੈ। ਅੰਮ੍ਰਿਤ ਵੇਲੇ ਉਚੀ ਸੁਰਤ ਵਾਲਿਆਂ ਦੇ ਮਨ ਵਿਚ ਹੀ ਚਾਉ ਉਪਜਦਾ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪਣੀ ਸੰਥਿਆ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਅਰਥ ਦਿਤੇ ਹਨ:—

"(ਪਹਿਲੇ ਪਹਿਰ ਅਰਥਾਤ) ਪ੍ਰਭਾਤ ਵੇਲੇ ਜੋ (ਵਾਹਿਗੁਰੂ ਜੀ ਦੀ) ਸਿਫ਼ਤ ਸਾਲਾਹ ਕਰਦੇ ਹਨ (ਤੇ ਉਸ) ਨੂੰ ਇਕ ਮਨ ਹੋ (ਬ੍ਰਿਤੀ ਜੋੜ ਕੇ) ਅਰਾਧਦੇ ਹਨ ਉਹੀ ਪੂਰੇ ਸ਼ਾਹ ਹਨ, ਜੋ ਸਮੇਂ (ਸੰਕਲਪ ਦੀ ਸੈਨਾ ਨਾਲ) ਜੂਝਦੇ ਹਨ, ਦੂਜੇ (ਪਹਿਰ ਚੜ੍ਹਿਆਂ) ਮਨ ਦੀਆਂ ਮਤਾਂ ਅਨੇਕ ਮਨੋਰਥਾਂ ਵਲ ਖਿੰਡ ਜਾਂਦੀਆਂ ਹਨ।"

"ਜੇ (ਜੀਵ ਨੂੰ) ਅਠਾਂ (ਪਹਿਰ) ਵਿਚ ਹੀ (ਸਾਈਂ ਦਾ) ਡਰ ਬਣਿਆ ਰਹੇ ਤਾਂ ਸਾਰੇ ਵੇਲੇ, ਸਾਰੇ ਵਕਤ (ਸਫਲ ਹੁੰਦੇ) ਹਨ।

ਉਪਰਲੇ ਸ਼ਲੋਕ ਦੀ ਵਿਆਖਿਆ ਕਰਦੇ ਹੋਏ ਭਾਈ ਸਾਹਿਬ ਫੁਰਮਾਉਂਦੇ ਹਨ ਕਿ ਧੰਦੇ ਸੁਰਤ ਨੂੰ ਸਾਰਾ ਆਪਣਾ ਕਰ ਲੈਂਦੇ ਹਨ...... ਇਸ ਲਈ ਨੇਮ ਬਣ ਓ ਅੰਮ੍ਰਿਤ ਵੇਲੇ ਉਠਕੇ ਨਾਮ ਸਿਮਰਣ ਦਾ ਤੇ ਫੇਰ ਗੁਰਬਾਣੀ ਪੜ੍ਹਨ ਤੇ ਵਿਚਾਰਨ ਦਾ ਜਿਸ ਵਿਚ ਸਿਫ਼ਤ ਸਲਾਹ ਹੈ; ਅਰਥਾਤ ਗੁਰਬਾਣੀ ਦਾ, ਜਿਸ ਦਾ ਇਹ ਅਸਰ ਹੋਵੇ ਕਿ ਸਹਿਜੇ ਸਹਿਜੇ ਸੁਰਤ ਨਾਮ ਵਿਚ ਅੱਠੇ ਪਹਿਰ ਰਹਿਣ ਵਾਲੀ ਬਣ ਜਾਵੇ।

ਹੁਣ ਦੂਜੇ ਸਲੋਕ ਦੇ ਅਰਥ:

"(......ਕਰਮਾਂ ਵਾਲਿਆ ਜਾਗੀਂ) ਸੁਰਤ ਦੇ ਮਾਲਕਾਂ ਨੂੰ ਚਉਥੇ ਪਹਿਰ ਅੰਮ੍ਰਿਤ ਵੇਲੇ ਚਾਉ ਚੜ੍ਹਦਾ ਹੈ (ਇਹਨਾਂ ਦੇ) ਮਨ ਵਿਚ ਤੇ ਮੂੰਹ ਵਿਚ ਸਚਾ ਨਾਉਂ (ਸਿਮਰਣ ਹੋਣ ਲਗ ਜਾਂਦਾ ਹੈ) ਤੇ ਇਹਨਾਂ ਨੂੰ (ਦੋ) ਦਰਿਆਵਾਂ ਨਾਲ ਪ੍ਰੀਤੀ ਹੁੰਦੀ ਹੈ, (ਇਕ ਨਦੀ ਆਦਿ ਜਲਾਸ਼ਯ ਜਿਥੇ ਜਾ ਕੇ ਇਸ਼ਨਾਨ ਕਰਦੇ ਹਨ ਤੇ ਦੂਜੇ ਸਤਿਸੰਗ ਰੂਪੀ ਦਰਿਆ ਜਿਥੇ ਇਸ਼ਨਾਨ ਮਗਰੋਂ ਜਾ ਬੈਠਦੇ



www.AKJ.Org

ਹਨ)। ਉਥੇ (ਨਾਮ ਦਾ) ਅੰਮ੍ਰਿਤ ਵੰਡਿਆ ਜਾਂਦਾ ਹੈ (ਪਰ ਇਸ) ਪ੍ਰਸਾਦਿ (ਦਾ ਗੱਫਾ) ਭਾਗਾਂ ਨਾਲ ਮਿਲਦਾ ਹੈ। (ਇਸ ਨਾਮ ਦੇ ਅਭਿਆਸ ਨਾਲ ਕਾਇਆਂ ਸੋਨੇ ਵਾਂਙੂ ਸ਼ੁਧ ਹੋ ਜਾਂਦੀ ਹੈ......)।

(ਇਸ ਲਈ ਭਾਈ ਸੁਣੋ:—ਪਹਿਲਾ ਪਹਿਰ ਤਾਂ ਸਤਿਸੰਗ ਵਿਚ ਜਾ ਕੇ ਕੀਰਤਨ ਸੁਣੋ, ਨਾਮ ਜਪੋ, ਬਾਕੀ ] ਸੱਤਾਂ ਪਹਿਰਾਂ ਵਿਚ [ਤ੍ਰੈ ਕੰਮ ਕਰੀਏ] ੧ ਸੱਚ ਕਮਾਈਏ ਤੇ ੨. [ਸਰਬੱਤ ਦਾ] ਭਲਾ ਕਰੀਏ (ਤੇ ੩. ਨਾਮ ਵਿਦਿਆ ਦੇ] ਪੜ੍ਹਿਆਂ ਪਾਸ ਬੈਠੀਏ [ਭਾਵ ਸੁਹਬਤ ਵਿਦਵਾਨਾਂ ਦੀ ਕਰੀਏ ਕਿਉਂਕਿ ] ਉਥੇ ਪਾਪ ਪੁੰਨ ਦੀ ਵਿਚਾਰ ਮਿਲਦੀ ਹੈ......]।

"ਵਿਆਖਿਆ ਵਿਚ ਭਾਈ ਸਾਹਿਬ ਦੱਸਦੇ ਹਨ ਕਿ ਮਨੁੱਖ ਦੇ ਸਰੀਰ ਵਿਚ ਇਕ ਕੀਮਤੀ ਸ਼ੈ ਹੈ ਹਰੀ ਦਾ 'ਨਾਮ' ਇਸ ਦੀ ਸਰੀਰ ਵਿਚ ਭਾਲ ਕਰੋ। ਭਾਲ ਦਾ ਤ੍ਰੀਕਾ ਸਤਿਸੰਗ 'ਚ ਪ੍ਰਾਪਤ ਹੁੰਦਾ ਹੈ। ਉਹ ਦੱਸਨਗੇ 'ਸਿਫ਼ਤ ਸਾਲਾਹ' ਤੇ 'ਹਰੀ ਦਾ ਨਾਮ ਸਿਮਰਣ'। ਸੋ ਅੰਮ੍ਰਿਤ ਵੇਲੇ ਤਾਂ ਸਤਿਸੰਗ ਵਿਚ ਜਾ ਕੇ ਕੀਨਤਨ ਸੁਣੋ ਤੇ ਨਾਮ ਸਿਮਰੋ। ਬਾਕੀ ਸੱਤਾਂ ਪਹਿਰਾਂ ਵਿਚ ਤ੍ਰੈ ਕੰਮ ਕਰੋ, ਇਕ ਇਹ ਕੀ ਤੁਹਾਡਾ ਹਰ ਕੰਮ ਸਚਿਆਈ ਵਾਲਾ ਹੋਵੇ। ਦੂਸਰਾ ਇਹ ਕਿ ਤੁਹਾਡਾ ਹਰ ਕੰਮ ਭਲਾ ਹੋਵੇ। ਸਰਬੱਤ ਦੀ ਭਲਿਆਈ ਦਾ ਕੰਮ। ਤੀਸਰਾ ਇਹ ਕਿ ਮੂਰਖਾਂ ਦੇ ਕੁਸੰਗ ਤੋਂ ਬਚੋ ਤੇ ਪੜ੍ਹਿਆਂ ਵਿਦਵਾਨਾ ਦੇ ਸਤਿਸੰਗ ਵਿਚ ਬੈਠੋ।

ਸਿੱਟਾ—(੧) ਸੁਰਤ ਦੇ ਮਾਲਕਾਂ ਨੂੰ ਚਉਥੇ ਪਹਿਰ ਅੰਮ੍ਰਿਤ ਵੇਲੇ ਚਾਉ ਚੜ੍ਹਦਾ ਹੈ। ਇਹ ਪਹਿਰ ਸਤਿਸੰਗ ਵਿਚ ਜਾ ਕੇ ਕੀਰਤਨ ਸੁਣਣ ਤੇ ਨਾਮ ਜਪਣ ਲਈ ਹੈ।

(੨) ਬਾਕੀ ਦੇ ਸੱਤ ਪਹਿਰ ਹਨ ਸੱਚ ਕਮਾਉਣ ਲਈ, ਸਰਬੱਤ ਦੇ ਭਲੇ ਲਈ, ਨਾਮ ਦੇ ਵਿਦਵਾਨਾਂ ਪਾਸ ਜਾ ਕੇ ਬੈਠਣ ਲਈ।

(੩) ਅੰਮ੍ਰਿਤ ਵੇਲੇ ਉਠਣ ਦਾ ਨੇਮ ਬਣਾਓ ਜੋ ਅੰਮ੍ਰਿਤ ਵੇਲੇ ਉਠ ਕੇ ਇਕ ਮਨ ਹੋ ਕੇ ਅਰਾਧਨਾ ਕਰਦੇ ਹਨ, ਓਹੀ ਪੂਰੇ ਸ਼ਾਹ ਹਨ। ਫਿਰ ਗੁਰਬਾਣੀ ਪੜ੍ਹੋ ਤੇ ਵਿਚਾਰੋ। ਇਹ ਅਭਿਆਸ ਕਰੋ ਤਾਂ ਜੋ ਸਹਿਜੇ ਸਹਿਜੇ ਸੁਰਤ ਨਾਮ ਵਿਚ ਅੱਠੇ ਪਹਿਰ ਰਹਿਣ ਵਾਲੀ ਬਣ ਜਾਵੇ

ਨੋਟ—ਅੰਮ੍ਰਿਤ ਵੇਲੇ ਦਾ ਪਹਿਰ ਤੇ ਬਾਕੀ ਪਹਿਰ ਨਿਸਚਿਤ ਹਨ। ਉਨ੍ਹਾਂ ਦੇ ਕੰਮ ਵੀ ਨਿਸਚਿਤ ਹਨ। ਅੰਮ੍ਰਿਤ ਵੇਲਾ ਆਰੰਭ ਹੈ ਤੇ ਅੱਠੇ ਪਹਿਰ ਦਾ ਜੁੜਨਾ ਨਿਸ਼ਾਨਾਂ ਹੈ ਜੋ ਸਹਿਜ ਸਹਿਜੇ ਆਉਣਾ ਹੈ। ਸਭ ਟੀਕਿਆਂ ਦਾ ਸਮੁੱਚਾ ਭਾਵ—

੧. ਸਾਰੇ ਦਿਨ ਰਾਤ ਦੇ ਸਮੇਂ (ਅੱਠ ਪਹਿਰਾਂ) ਨੂੰ ਗੁਰੂ ਸਾਹਿਬ ਨੇ ਦੋ ਹਿੱਸਿਆਂ ਵਿਚ ਵੰਡਿਆ ਹੈ—

[ੳ] ਚੌਥਾ ਪਹਿਰ ਸੁਬਾਹ ਕਾ [ਜੋ ਦਿਨ ਚੜ੍ਹਨ ਤੋਂ ਪਹਿਲੋਂ ਰਾਤ ਦਾ ਤਿੰਨ ਘੰਟੇ ਦਾ ਹਿੱਸਾ ਹੈ, ਅਰਥਾਤ ਅੰਮ੍ਰਿਤ ਵੇਲਾ]।

[ਅ] ਬਾਕੀ ਰਹਿੰਦੇ ਸੱਤ ਪਹਿਰ।

੨. ਇਹ ਦੋ ਵੰਡਾਂ ਪੱਕੀਆਂ ਤੇ ਨਿਸਚਿਤ ਕਰਕੇ, ਇਨ੍ਹਾਂ ਸਮਿਆਂ ਵਿਚ ਕਰਨ ਵਾਲੇ ਕੰਮ ਭੀ ਨਿਸਚਿਤ ਕਰ ਦਿੱਤੇ ਹਨ:—

ਕੰਮ ਅੰਮ੍ਰਿਤ ਵੇਲੇ ਦੇ—ਸੁਰਤਿਆਂ ਉਪਜੇ ਚਾਉ, ਤਿਨਾਂ ਦਰਿਯਾਵਾਂ ਸਿਉਂ ਦੋਸਤੀ, ਮਨਿ, ਮੁਖਿ ਸਚਾ ਨਾਉਂ।

[ਬਾਕੀ ਦੇਖੋ ਸਫਾ ੪੧ ਤੇ]



www.AKJ.Org




(ਇਕ ਗਰਮਤਿ ਖੋਜੀ ਦੀ ਕਲਮ ਤੋਂ)

ਗੁਰਮਤਿ ਪਾਂਧੀਆਂ ਪ੍ਰਤੀ ਬੇਨਤੀ ਹੈ ਕਿ ਗੁਰਮਤਿ ਸੰਬੰਧੀ ਜੋ ਪ੍ਰਸ਼ਨ ਪੁਛੇ ਜਾਂਦੇ ਹਨ, ਉਹ ਸੰਖੇਪ ਤੇ ਸ਼ੁਧ ਬੋਲੀ ਵਿਚ ਹੋਣੇ ਚਾਹੀਦੇ ਹਨ। ਨਾਲ ਹੀ ਜਿੱਥੇ ਪ੍ਰਸ਼ਨ ਕੇਵਲ ਗੁਰਮਤਿ ਸੰਬੰਧੀ ਹੋਣ, ਉਥੇ ਸਵਾਲਾਂ ਦੀ ਦੁਹਰਾਈ ਵੀ ਨਾ ਕੀਤੀ ਜਾਵੇ। ਡੂੰਘੀ ਖੋਜ ਵਾਲੇ ਪ੍ਰਸ਼ਨਾਂ ਦੇ ਉਤਰ ਲਈ ਕੁਝ ਚਿਰ ਉਡੀਕ ਕਰਨੀ ਪਵੇਗੀ। ਪ੍ਰਸ਼ਨ ੧੦ ਤਰੀਕ ਤਕ ਪੁਜਣੇ ਜ਼ਰੂਰੀ ਹਨ।

—ਐਡੀਟਰ

ਪ੍ਰਸ਼ਨ ਪਹਿਲਾ—ਡਾਕਟਰੀ ਵਿਦਿਆ ਦੇ ਗੁਰਸਿੱਖ ਵਿਦਿਆਰਥੀਆਂ ਲਈ ਡੱਡੂ ਆਦਿ ਜਾਨਵਰਾਂ ਨੂੰ ਬੇਹੋਸ਼ ਕਰਕੇ ਜਾ ਚੀਰ-ਫਾੜ ਦੇ ਤਜਰਬੇ ਕਰਨਾਂ ਕਿਥੋਂ ਤਕ ਉਚਿੱਤ ਹੈ?

[ਇਕ ਬੀਬੀ]

ਜੁਆਬ:—ਮਾਮੂਲੀ ਗਲਾਂ ਪਿਛੇ ਭਰਮਾਂ ਵਿਚ ਪੈਣਾ ਠੀਕ ਨਹੀਂ। ਡਾਕਟਰੀ ਦੇ ਵਿਦਿਆਰਥੀ ਅਜਿਹੇ ਤਜਰਬੇ ਸ਼ੁਗਲ ਜਾਂ ਜੀਭ ਸੁਆਦ ਲਈ ਨਹੀਂ ਕਰਦੇ, ਸਗੋਂ ਡਾਕਟਰੀ ਵਿਦਿਆ ਵਿਚ ਨਿਪੁੰਨਤਾ ਲਈ ਕਰਦੇ ਹਨ। ਉਨ੍ਹਾਂ ਦੇ ਇਹ ਕੰਮ ਤੇ ਤਜਰਬੇ ਰੋਗੀਆਂ ਲਈ ਸੁਖਦਾਈ ਹੁੰਦੇ ਹਨ। ਇਹ ਕਾਰਜ ਪਰਉਪਕਾਰ ਹਿਤ ਕੀਤਾ ਜਾਂਦਾ ਹੈ।

ਪ੍ਰਸ਼ਨ ਦੂਜਾ—ਬੇ-ਅੰਮ੍ਰਿਤੀਏ ਲੋਕ ਅੰਮ੍ਰਿਤ ਛਕਣ ਤੋਂ ਕਿਉਂ ਸੰਕੋਚ ਕਰਦੇ ਹਨ?

(ਇਕ ਪਾਠਕ)

ਜੁਆਬ—ਸੰਸਾਰ ਦਾ ਢਾਂਚਾ ਹੀ ਐਸਾ ਹੈ ਕਿ ਦੁਨੀਆਂ ਦੇ ਬਹੁਤੇ ਲੋਕ 'ਮਾਇਆ ਹਾਥ ਬਿਕਾਨਾ' ਦੇ ਗੁਰਵਾਕ ਅਨੁਸਾਰ ਮਾਇਆ ਦੇ ਗੇੜਾਂ ਵਿਚ ਹੀ ਪਏ ਰਹਿੰਦੇ ਹਨ। ਜਨਮ ਤੋਂ ਮਰਨ ਤਕ ਅਸੀਂ ਅਜਿਹੇ ਸੁਖਰਹਿਣੇ ਵਾਤਾਵਰਨ ਵਿਚ ਰਹਿੰਦੇ ਹਾਂ ਕਿ ਗੁਰਮਤਿ-ਰਹਿਣੀ ਸਾਨੂੰ ਔਖੀ ਜਾਪਦੀ ਹੈ। ਬਸ, ਜਿਹਾ ਵਾਤਾਵਰਨ ਤੇਹੇ ਕਰਮ। ਅਜਿਹੇ ਮਾਇਕ-ਪੂਜ ਕਰਮਾ ਵਿਚ ਬੇ-ਅੰਮ੍ਰਿਤੀਏ ਲੋਕ ਮੰਦ-ਕਰਮੇ ਹੀ ਬਣੇ ਰਹਿੰਦੇ ਹਨ ਅਤੇ ਅੰਮ੍ਰਿਤਧਾਰੀ ਬਣ ਕੇ ਰਹਿਤ ਰਖਣ ਦੇ ਵਿਰੁਧ ਕਈ ਫਜ਼ੂਲ ਦਲੀਲਾਂ ਦਿੰਦੇ ਹਨ।

ਪ੍ਰਸ਼ਨ ਤੀਜਾ—ਕੀ ਦੇਗ-ਵਰਤਾਉਣ ਵੇਲੇ ਪਜਾਮਾਂ ਜਾਂ ਪੈਂਟ ਲਾਹੁਣਾ ਜ਼ਰੂਰੀ ਹੈ?

ਜੁਆਬ—ਤੱਤ-ਮਰਯਾਦਾ ਤਾਂ ਇਹੋ ਹੀ ਹੈ ਕਿ ਦੇਗ-ਵਰਤਾਉਣ ਵੇਲੇ ਗੁਰਸਿੱਖਾਂ ਵਾਲਾ ਕਛਹਿਰਾ ਹੀ ਪਾਇਆ ਹੋਵੇ। ਪਰ ਜੇ ਨਵਾਂ ਜਾਂ ਧੋਤਾ ਹੋਇਆ [ਜਿਸ ਨਾਲ ਜੰਗਲਪਾਣੀ ਨਾ ਗਏ



www.AKJ.Org

ਹੋਈਏ] ਸੁਚਮ ਤੇ ਪਵਿਤਰਤਾ ਦੇਗ ਲਈ ਜ਼ਰੂਰੀ ਹੈ।

ਪ੍ਰਸਨ ਚੋਥਾ—ਕੀਰਤਨ ਸਟੇਜ ਉਤੇ ਰਹਿਤ-ਹੀਣ ਬੀਬੀਆਂ ਦਾ ਬੈਠਣਾ ਕਿਉਂ ਅਯੋਗ ਹੈ ?

ਜੁਆਬ—ਕਿਉਂਕਿ ਸਾਡੇ ਗੁਰਦੇਵ ਜੀ ਨੇ ਸਿੱਖ ਜਾਂ ਸਿੰਘਣੀ ਨਾਲੋਂ ਰਹਿਤ ਨੂੰ ਬਹੁਤਾ ਪਿਆਰਿਆ ਹੈ।

ਪ੍ਰਸ਼ਨ ਪੰਜਵਾਂ-ਗੁਰਬਾਣੀ ਸਾਨੂੰ ਸਾਬਤ-ਸੂਰਤ ਰਹਿਣ ਦਾ ਉਪਦੇਸ਼ ਦਿੰਦੀ ਹੈ। ਪਰ ਕੀ ਨਹੁੰਆਂ ਨੂੰ ਕਟਣਾ ਕੁਦਤਰ ਦੇ ਕਾਨੂੰਨ ਦੀ ਉਲੰਘਣਾ ਕਰਨਾਂ ਨਹੀ ? (ਪ੍ਰੀਤਮ ਸਿੰਘ ਨੀਊ ਦਿਲੀ)

ਜੁਆਬ—ਸਾਰੀ ਗੁਰਬਾਣੀ ਅਤੇ ਸਿੱਖ ਰਹਿਤ ਨਾਮੇ ਕੇਸਾਂ ਵਲੋਂ ਸਾਬਤ-ਸੂਰਤ ਰਹਿਣ ਦਾ ਹੁਕਮ ਦਿੰਦੇ ਹਨ। ਨਹੁੰਆਂ ਨੂੰ ਕਟਣਾ ਕੁਦਰਤ ਦੇ ਕਾਨੂੰਨ ਦੇ ਅਨੁਸਾਰ ਹੀ ਹੈ। ਪਹਿਲੀ ਗਲ-ਅਸੀਂ ਨਹੁੰਆਂ ਨੂੰ ਨਹੀਂ ਕਟਦੇ-ਕੇਵਲ ਨਹੁੰ ਦਾ ਅਗਲਾ ਹਿੱਸਾ ਜਿਸ ਵਿਚ ਮੈਲ ਫੱਸ ਜਾਂਦੀ ਹੈ-ਉਸ ਦੀ ਸਫ਼ਾਈ ਕਰਦੇ ਹਾਂ। ਨਹੁੰ ਕਟਣ ਨਾਲ ਤਾਂ ਲਹੂ ਨਿਕਲਦਾ ਹੈ-ਜਿਸ ਨੂੰ ਅਸੀਂ ਕਟਦੇ ਹੀ ਨਹੀਂ। ਨਹੁੰ ਦੇ ਮੈਲ ਦੀ ਸਫ਼ਾਈ ਉਂਜ ਹੀ ਹੈ, ਜਿਵੇਂ ਦੋ ਵੇਲੇ ਕੰਘਾ ਕਰਕੇ ਅਸੀਂ ਮੁਰਦਾ ਹੋ ਚੁੱਕੇ ਵਾਲ ਕੰਘੇ ਰਾਹੀਂ ਕੇਸਾਂ ਵਿਚੋਂ ਕਢਦੇ ਹਾਂ। ਕੰਘੇ ਰਾਹੀਂ ਵਾਲ ਕਢਣਾ ਜਾਂ ਮੈਲ ਵਾਲੇ ਨਹੁੰ ਲਾਹੁਣਾ ਕੁਦਰਤ ਦੇ ਕਾਨੂੰਨ ਅਨੁਸਾਰ ਹੀ ਹਨ।

ਦੂਸਰੀ ਗਲ— ਆਪਾਂ ਗੁਰੂ ਦੇ ਸਿੱਖ ਹਾਂ, ਹੱਥ ਬੱਧੇ ਗੁਲਾਮ ਹਾਂ। ਸਾਡਾ ਗੁਰੂ ਸਾਡਾ ਸਾਹਿਬ ਜਾਂ ਅਫਸਰ ਹੈ- ਜਿਸ ਦਾ ਹੁਕਮ ਮੰਨ ਕੇ ਅਸੀਂ ਸੰਸਾਰਕ ਜੀਵਨ ਸਫਲਾਉਣਾਂ ਹੈ। ਆਪਣੇ ਸਾਹਿਬ- ਦੇ ਹੁਕਮਾਂ ਨਾਲ ਸਲਾਮ-ਜੁਵਾਲ ਕਰਨਾ ਹੁਕਮੀ ਬੰਦਿਆਂ ਨੂੰ ਸੋਭਦਾ ਨਹੀਂ। ਪੂਰੀ ਖੋਜ ਕੀਤਿਆਂ-ਪੂਰੀ ਗੁਰਸਿੱਖੀ ਕਮਾਇਆਂ ਇਹ ਗਲ ਤੁਹਾਡੇ ਹਿਰਦੇ ਵਿਚ ਸਪਸ਼ਟ ਹੋ ਜਾਵੇਗੀ ਕਿ ਸਿੱਖ ਧਰਮ ਹੀ-ਦੁਨੀਆਂ ਦੇ ਸਾਰੇ ਧਰਮਾਂ ਨਾਲੋਂ-ਵਧੇਰੇ ਕੁਦਰਤੀ ਤੇ ਸੁਖਦਾਈ ਹੈ।

—o—

[ ਸਫ਼ਾ ੩੯ ਦੀ ਬਾਕੀ ]

ਕੰਮ ਬਾਕੀ ਦੇ ਸੱਤ ਪਹਿਰਾਂ ਦੇ ੧: ਸੱਤ (੨) ਭਲਾ ੩. ਬਹੀਏ ਪੜ੍ਹਿਆਂ ਪਾਸ।

(੩) ਅੰਮ੍ਰਿਤ ਵੇਲਾ ਤਿੰਨ ਘੰਟੇ ਦਾ ਹੋਇਆ ਇਹ ਬਿਲਕੁਲ Water tight Compartment [ਨਿਵੇਕਲਾ ਭਾਗ] ਹੈ, ਭਾਵ ਜਿਸ ਵਕਤ ਵਿਚ ਨਾ ਕੁਝ ਹੋਰ ਪੈ ਸਕਦਾ ਹੈ ਤੇ ਨਾ ਕੁਝ ਨਿਕਲ ਸਕਦਾ ਹੈ, ਇਹ ਸਾਰਾ ਸਮਾਂ ਬਿਲਕੁਲ ਵੱਖਰਾ ਹੈ, ਬਾਕੀ ਸੱਤ ਪਹਿਰਾਂ ਤੋਂ ਵੱਖ ਕੀਤਾ ਗਿਆ ਹੈ, ਕਿਉਂਕਿ ਇਹ ਸਮਾਂ ਖਾਸ ਨਿਸਚਿਤ ਕੰਮ ਵਿਚ ਹੀ ਖਰਚ ਕਰਨਾ ਹੈ, ਉਹ ਕੰਮ ਹੈ ਨਾਮ ਤੇ ਸਿਫਤ ਸਾਲਾਹ [ਕੀਰਤਨ], ਸਤਿਸੰਗ ਵਿਚ ਜਾਣਾ। ਇਸ ਸਮੇਂ ਨੂੰ ਹੋਰ ਕਿਸੇ ਅਰਥ ਲਾਉਣਾ ਇਸ ਦੇ ਅੰਮ੍ਰਿਤ ਰਸ ਤੋਂ ਵੰਚਿਤ ਰਹਿਣਾ ਹੈ। ਬਾਕੀ ਸੱਤ ਪਹਿਰ ਬਾਕੀ ਸਾਰੇ ਕੰਮਾਂ ਲਈ ਹਨ।

(ਚਲਦਾ)



www.AKJ.Org

**ਸੂਰਾ ਅੰਕ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ** ਦੀ ਸਾਲਾਨਾ ਯਾਦ ਹਿਤ ਅਪਰੈਲ ੧੯੬੮ ਦਾ ਪੂਚਾ **'ਸੂਰਾ ਅੰਕ'** ਪ੍ਰਕਾਸ਼ਤ ਕੀਤਾ ਜਾਵੇਗਾ। ਲੇਖਕ ਅਤੇ ਕਵੀ ਸਜਣਾਂ ਅਗੇ ਬੇਨਤੀ ਹੈ ਕਿ ਭਾਈ ਸਾਹਿਬ ਦੇ ਜੀਵਨ ਸਬੰਧੀ ਲੇਖ ਜਾਂ ਕਵਿਤਾਵਾਂ ਛੇਤੀ ਤੋਂ ਛੇਤੀ ਭੇਜਣ ਤਾਂਕਿ ਉਹ ਖਾਸ ਅੰਕ ਵਿਚ ਛਾਪੇ ਜਾ ਸਕਣ। ਜਿਹੜੇ ਗੁਰਮੁਖ ਪਿਆਰੇ ਅਜੇ ਤਕ ਸੂਰਾ ਦੇ ਮੈਂਬਰ ਨਹੀਂ ਬਣੇ ਉਹ ਵੀ 'ਸੂਰਾ ਅੰਕ' ਜ਼ਰੂਰ ਪੜ੍ਹਨ ਦੀ ਖੇਚਲ ਕਰਨ।

ਦਾਸ—ਮੈਨੇਜਰ ਸੂਰਾ

**ਰਿਸ਼ਤੇ-ਨਾਤੇ—੧.** ਇਕ ਤਿਆਰ ਬਰ ਤਿਆਰ ਸਿੰਘ ਜਿਸ ਦੀ ਉਮਰ 28 ਸਾਲ, M.A. ਪਾਸ, ਕਾਲਜ ਪ੍ਰੋਫ਼ੈਸਰ (Bomby University) ਤਨਖਾਹ 450 ਰੁਪਿਐ ਮਾਸਕ, ਦੇ ਲਈ ਤਿਆਰ ਬਾਰ ਤਿਆਰ (ਅੰਮ੍ਰਿਤਧਾਰੀ) ਸਿਘਣੀ (ਘਟੋ ਘਟ ਮੈਟ੍ਰਿਕ ਪਾਸ) ਦੀ ਲੋੜ ਹੈ, ਹੇਠ ਲਿਖੇ ਪਤੇ ਤੋਂ ਪੁੱਛ ਗਿਛ ਕਰ ਸਕਦੇ ਹੋ।

Jogindar Singh, 7, Wadilal Nivas, Bril Bazar,
Kurla, Bombay-70As.

੨. ਮੇਰਾ ਛੋਟਾ ਭਾਈ ਜੋ ਮਿਲਟਰੀ ਵਿਚ E.M.E. ਵਿਭਾਗ ਵਿਚ ਸਰਵਸ ਕਰਦਾ ਹੈ, ਅੰਮ੍ਰਿਤਧਾਰੀ ਹੈ ਉਮਰ 25 ਸਾਲ ਹੈ, ਤਿਆਰ ਬਰ ਤਿਆਰ ਸਿੰਘਣੀ ਦੀ ਲੋੜ ਹੈ। ਸਾਡਾ ਇਲਾਕਾ ਬਿਆਸ ਜ਼ਿਲਾ ਅੰਮ੍ਰਿਤਸਰ ਹੈ, ਪਰ ਸਰਵਸ ਕਰਕੇ ਮੇਰਾ ਹੈਡਕੁਆਟਰ ਏਥੇ ਹੈ ਇਸ ਕਰਕੇ ਪੂਰੀ ਵਾਕਫ਼ੀਅਤ ਮੇਰੇ ਪਾਸੋਂ ਹੀ ਲਗ ਸਕਦੀ ਹੈ!

ਦਾਸ:—ਮਨਮੋਹਨ ਸਿੰਘ 'ਬੱਲ'
ਸਬ ਹੈਲਥ ਸੈਂਟਰ, ਹੀਰਾਂ, ਸਮਰਾਲਾ ਰੋਡ, ਜ਼ਿਲਾ ਲੁਧਿਆਣਾ

੩. ਇਕ ਬੀ.ਏ. ਗਿਆਨੀ, ਓ.ਟੀ, ਉਮਰ 24 ਸਾਲ, ਸਰਕਾਰੀ ਸਕੂਲ ਵਿਚ ਲਗੀ ਹੋਈ ਟੀਚਰ (ਤਨਖਾਹ ਲਗ ਭਗ 200 ਰੁਪੈ) ਅੰਮ੍ਰਿਤਧਾਰੀ ਪੰਜਾਂ ਬਾਣੀਆਂ ਤੇ ਸੁਖਮਨੀ ਸਾਹਿਬ ਦੀ ਨਿਤਨੇਮਣ ਬੀਬੀ ਲਈ, ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ, ਵਰ ਦੀ ਲੋੜ ਹੈ। ਚਿਠੀ ਪਤਰ ਹੇਠ ਲਿਖੇ ਪਤੇ ਤੇ ਕਰੋ ਜੀ। ਚਿਟ ਨੰ. 359, ਮਾਰਫਤ 'ਸੂਰਾ', ਰਾਘੋਮਾਜਰਾ, ਪਟਿਆਲਾ (ਪੰਜਾਬ)


## * 'ਸੂਰਾ' ਦਾ ਸਾਲਾਨਾ ਚੰਦਾ *

ਦੇਸ ੬) ਰੁਪਏ ਪ੍ਰਦੇਸ ੧੦) ਰੁਪਏ
ਲਾਈਫ਼ ਮੈਂਬਰ—੧੫੦) ਰੁਪਏ ਇਕ ਕਾਪੀ ੬੦ ਪੈਸੇ




www.AKJ.Org

# ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ

( ਲੜੀ ਨੰਬਰ ੪ )

ਸੰਗਤਾਂ ਦਾ ਉਤਾਰਾ ਅਤੇ ਲੰਗਰ ਉਥੇ ਹੀ ਸੀ। ਸੰਗਤਾਂ ਨੇ ਲੰਗਰ ਛਕ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੂਨਾ ਵਿਖੇ ਪਹੁੰਚ ਗਈਆਂ ਗਈਆਂ ਅਤੇ ਰੈਣ ਸਬਾਈ ਕੀਰਤਨ ਆਰੰਭ ਦਿਤਾ ਗਿਆ। ਗੁਰੂ ਰੂਪ ਪੰਜ ਪਿਆਰਿਆਂ ਨੇ ਭੀ ਇਸ਼ਨਾਨੇ ਸੋਧ ਅੰਮ੍ਰਿਤ ਸੰਚਾਰ ਲਈ ਤਿਆਰੀ ਆਰੰਭ ਦਿਤੀ। ੧੯ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਸਾਰੀ ਰਾਤ ਬੜਾ ਹੀ ਆਨੰਦ-ਮਈ ਕੀਰਤਨ ਹੋਇਆ ਅਤੇ ਮਿਤੀ 9-10-67 ਨੂੰ ਅੰਮ੍ਰਿਤ ਵੇਲੇ $4\frac{1}{2}$ ਵਜੇ ਰੈਣ ਸਬਾਈ ਦਾ ਭੋਗ ਪਿਆ ਉਪ੍ਰੰਤ ਸੰਗਤਾਂ ਗੁਰਦੁਆਰਾ ਨਾਨਕ ਝੀਰਾ ਬਿਦਰ ਲਈ ਕਮਰਕਸੇ ਕਰਨੇ ਸ਼ੁਰੂ ਕਰ ਦਿਤੇ ਪ੍ਰੰਤੂ ਕਨਟੋਨਮੈਂਟ ਪੂਨਾ ਦੀ ਸੰਗਤ ਵਲੋਂ ਗੁਰਦੁਆਰਾ ਸਾਹਿਬ ਕਨਟੋਨਮੈਂਟ ਪੂਨਾ ਵਿਖੇ ਭੀ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਪਰੋਗਰਾਮ ਰਖਿਆ ਹੋਇਆ ਸੀ ਅਤੇ ਭਾਈ ਜੀਵਣ ਸਿੰਘ ਜੀ ਲੁਧਿਆਨਾ ਨੇ ਅੰਮ੍ਰਿਤ ਵੇਲੇ 6 ਬਜੇ ਕੀਰਤਨ ਆਰੰਭ ਕਰ ਰਖਿਆ ਸੀ, ਸੰਗਤਾਂ ਬਸਾਂ ਰਾਹੀਂ ਉਥੇ ਪੁਜੀਆਂ 9 ਵਜੇ ਕੀਰਤਨ ਦੀ ਸਮਾਪਤੀ ਹੋਈ ਉਪ੍ਰੰਤ ਸੰਗਤਾਂ ਨੇ $9\frac{1}{2}$ ਵਜੇ ਗੁਰਦੁਆਰਾ ਨਾਨਕ ਝੀਰਾ ਲਈ ਚਾਲੇ ਪਾਏ। ਦੋਪਹਿਰ ਦੋ ਵਜੇ ਸ਼ੋਲਾਪੁਰ ਬਸਾਂ ਪੁਜੀਆਂ। ਦੁਪੈਹਰ ਦਾ ਲੰਗਰ ਛਕਣ ਲਈ ਜੋ ਅਸੀਂ ਪੂਨੇ ਤੋਂ ਨਾਲ ਹੀ ਲੈਕੇ ਆਇ ਸੀ, ਜਗਾ ਭਾਲਣ ਲਗੇ ਕਿ ਕੋਈ ਗੁਰਦੁਆਰਾ ਸਾਹਿਬ ਮਿਲੇ, ਜਿਥੇ ਬੈਠ ਕੇ ਲੰਗਰ ਛਕਿਆ ਜਾਏ ਪ੍ਰੰਤੂ ਪਤਾ ਲਗਾ ਕਿ ਇਸ ਸ਼ਹਿਰ ਵਿਚ ਕੋਈ ਗੁਰਦੁਆਰਾ ਸਾਹਿਬ ਨਹੀਂ ਹੈ। ਇਹ ਪਹਿਲਾ ਸ਼ਹਿਰ ਵੇਖਿਆ ਗਿਆ ਕਿ ਜਿਥੇ ਕੋਈ ਗੁਰਦੁਆਰਾ ਨਹੀਂ ਸੀ। ਸੰਗਤਾਂ ਇਕ ਸਕੂਲ ਦੇ ਬਾਗ ਵਿਚ ਜਾ ਬਰਾਜੀਆਂ ਅਤੇ ਲੰਗਰ ਛਕਿਆ ਗਿਆ। ਸ਼ੋਲਾਪੁਰ ਦੇ ਲੋਕੀ ਸਾਨੂੰ ਦੇਖ ਕੇ ਬਹੁਤ ਹੈਰਾਨ ਹੋਏ ਅਤੇ ਉਨ੍ਹਾਂ ਨੇ ਮਜਬੂਰ ਕੀਤਾ ਕਿ ਹਮੇਂ ਭੀ ਭਜਨ ਸੁਨਾਓ। ਅਣਥਕ ਰਾਗੀ ਭਾ. ਜੀਵਣ ਸਿੰਘ ਜੀ ਲੁਧਿਆਣਾ ਨੇ ਕੀਰਤਨ ਆਰੰਭ ਦਿਤਾ।

ਬੋਲੋ ਭਈਆ ਰਾਮ ਨਾਮੁ ॥

ਸ਼ੋਲਾਪੁਰ ਨਿਵਾਸੀ ਭੀ ਪਿਛੇ ਪਿਛੇ ਸ਼ਬਦ ਦਾ ਉਚਾਰਨ ਕਰਨ ਲਗੇ ਅਤੇ ਸ਼ਬਦ ਦਾ ਭੋਗ ਪੈਣ ਪਰ ਸ਼ੋਲਾਪੁਰ ਨਿਵਾਸੀਆਂ ਨੇ ਖੁਸ਼ੀ ਵਿਚ



www.AKJ.Org

ਤਾੜੀਆਂ ਵਜਾਈਆਂ ਅਤੇ ਸਾਨੂੰ ਬਿਦਰ (ਨਾਨਕ ਝੇਰਾ] ਲਈ ਵਿਦਾ ਕੀਤਾ ਇਸ ਇਲਾਕੇ ਵਿਚ ਨਾਨਕ ਝੇਰਾ ਨੂੰ ਲੋਕੀਂ ਘਟ ਹੀ ਜਾਣਦੇ ਹਨ, ਬਿਦਰ ਕਹਿ ਕੇ ਸਦਦੇ ਹਨ ਕਿਉਂਕਿ ਇਸ ਸ਼ਹਿਰ ਦਾ ਨਾਂਉ ਪਹਿਲੇ ਬਿਦਰ ਸੀ। ਸਾਡੀਆਂ ਬਸਾਂ 5½ ਵਜੇ ਸ਼ਾਮ ਨੂੰ ਚਲ ਕੇ ਰਾਤ ਸਾਢੇ 10 ਵਜੇ ਨਾਨਕ ਝੇਰਾ ਪੁਜੀਆਂ। ਪਟਿਆਲੇ ਵਾਲੀ ਬਸ ਸਾਢੇ 7 ਵਜੇ ਸ਼ਾਮ ਪਹਿਲੇ ਹੀ ਪੁਜ ਚੁਕੀ ਸੀ ਅਤੇ ਲੰਗਰ ਤਿਆਰ ਕਰ ਦਿਤਾ ਗਿਆ ਸੀ ਸੰਗਤਾਂ ਨੇ ਲੰਗਰ ਛਕ ਰਾਤ ਬਿਸਰਾਮ ਕੀਤਾ।

## ਦਰਸ਼ਨ ਗੁਰਦੁਆਰਾ ਸਾਹਿਬ ਨਾਨਕ ਝੇਰਾ (ਬਿਦਰ ਮੈਸੂਰ)

ਗੁਰਦੁਆਰਾ ਸਾਹਿਬ ਨਾਨਕ ਝੇਰਾ ਦਾ ਇਤਿਹਾਸ ਸੰਗਤਾਂ ਮਾਸਕ ਪੱਤਰ ਸੂਰਾ ਮਹੀਨਾ ਨਵੰਬਰ ਵਿਚ ਪੜ੍ਹ ਹੀ ਚੁਕੀਆਂ ਹਨ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਭੀ ਟਾਈਟਲ ਪੇਜ ਪਰ ਕਰ ਚੁਕੀਆਂ ਹਨ। ਥੋੜਾ ਬਹੁਤ ਹਾਲ ਲਿਖਣਾ ਜ਼ਰੂਰੀ ਹੈ ਕਿ 10-10-67 ਨੂੰ ਅੰਮ੍ਰਿਤ ਵੇਲੇ ਸੰਗਤਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕੀਤਾ, ਜਿਸ ਦਾ ਭੋਗ ਸਾਢੇ 11 ਵਜੇ ਪਿਆ ਗੁਰਦੁਆਰਾ ਸਾਹਿਬ ਦੇ ਸੰਤਾਂ ਨੇ ਗੁਰਦੁਆਰਾ ਸਾਹਿਬ ਦਾ ਇਤਹਾਸ ਸੁਣਾਇਆ ਅਤੇ ਯਾਤਰੂ ਸੰਗਤ ਦਾ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਵਲੋਂ ਤਕਰੀਬਨ 50 ਸਿਰੋਪਾਓ ਦਿਤੇ ਗਏ। ਇਹ ਸਿਰੋਪਾਓ ਮਾਇਆ ਭੇਟਾ ਕਰਨ ਵਾਲੇ ਸਿੰਘ, ਸਿਘਣੀਆਂ ਕੀਰਤਨੀ ਸਿੰਘ, ਸਿੰਘਣੀਆਂ ਸੇਵਾਦਾਰਾਂ, ਮੋਟਰ ਡਰਾਇਵਰਾਂ ਅਤੇ ਕਲੀਨਰਾਂ ਨੂੰ ਦਿਤੇ ਗਏ। ਸੰਗਤ ਨੇ ਇਮਾਰਤ ਲਈ ਦਿਲ ਖੋਲ ਕੇ ਮਾਇਆ ਭੇਟਾ ਕੀਤੀ ਕੁਲ ਰਕਮ ਦਾ ਜੋੜ 2650/- ਰੁਪੈ ਹੈ ਲੰਗਰ ਛਕ ਡੇਢ ਵਜੇ ਸ੍ਰੀ ਹਜ਼ੂਰ ਸਾਹਿਬ (ਸਚਖੰਡ) ਲਈ ਸੰਗਤਾਂ ਨੇ ਚਾਲੇ ਪਾਏ।

## ਦਰਸ਼ਨ ਗੁਰਦੁਆਰਾ ਸਾਹਿਬ ਹਜ਼ੂਰ ਸਾਹਿਬ (ਸੱਚਖੰਡ)

ਮਿਤੀ 11-10-67 ਸ਼ਾਮ 6 ਵਜੇ ਸਾਡੀਆਂ ਬਸਾਂ ਸ੍ਰੀ ਹਜ਼ੂਰ ਸਾਹਿਬ ਪੁਜੀਆਂ। ਬਸਾਂ ਨੂੰ ਇਕ ਮੀਲ ਪਿਛੇ ਹੀ ਖੜਾ ਕਰ ਦਿਤਾ ਗਿਆ। ਸੰਗਤਾਂ ਬਸਾਂ ਵਿਚੋਂ ਉਤਰ ਜੋੜੀ, ਵਾਜਾ ਗਲ ਵਿਚ ਪਾ ਸ੍ਰੀ ਸਚ ਖੰਡ ਦਰਬਾਰ ਵਲ ਕੀਰਤਨ ਕਰਦੇ ਹੋਏ ਤੁਰੇ।

੧ ਚਰਨ ਸਰਨ ਗੁਰ ਏਕ ਪੈਂਡਾ ਜਾਏ ਚਲ।
ਸਤਿਗੁਰੁ ਕੋਟ ਪੈਂਡਾ ਅਗੇ ਹੋਇ ਲੇਤ ਹੈ॥

੨ ਸੁਣ ਕੇ ਜੀ ਸਦ ਮਾਹੀ ਦਾ
ਸੁਣਕੇ ਕੇ ਜੀ ਸਦ ਮਾਹੀ ਦਾ
ਲਖੀ ਜੰਗਲ ਖਾਲਸਾ
ਆਇ ਦੀਦਾਰ ਲਗੇ ਨੇ

੩ ਮੈਂ ਆਇਆ ਦੂਰੋਂ ਚਲ ਕੇ।
ਮੈਂ ਤਕੀ ਤੋਇ ਸਰਣਾਇ ਜੀਉ॥
ਮੈਂ ਆਸਾ ਰਖੀ ਚਿਤ ਮੈਂ।
ਮੇਰਾ ਹਭੋ ਦੁਖ ਗਾਵਾਇ ਜੀਉ॥

ਇਨਾਂ ਸ਼ਬਦਾਂ ਦੇ ਨਾਲ ਹੀ ਸੰਗਤਾਂ ਗੁਰਦੁਆਰਾ ਸਾਹਿਬ ਦੀ ਡਿਉਢੀ ਵਿਚ ਦਾਖਲ ਹੋਈਆਂ ਅਤੇ ਅਗੇ ਸੋਦਰ ਦਾ ਪਾਠ ਹੋ ਰਿਹਾ ਸੀ। ਸੰਗਤਾਂ ਨੇ ਸ੍ਰੀ ਸੱਚ ਖੰਡ ਸਾਹਿਬ ਦੇ ਦਰਸ਼ਨ ਕੀਤੇ ਅਤੇ ਲੰਗਰ ਛਕ ਰਾਤ ਬਿਸਰਾਮ ਕੀਤਾ।

## ਹਜ਼ੂਰੀ ਕੀਰਤਨ ਸ੍ਰੀ ਸੱਚਖੰਡਸਾਹਿਬ

ਮਿਤੀ 12-10-67 ਨੂੰ ਸੰਗਤਾਂ ਨੇ ਚੌਕੀ


www.AKJ.Org

ਅਨੰਦ ਸਾਹਿਬ ਦਾ ਹਜ਼ੂਰੀ ਕੀਰਤਨ ਕੀਤਾ ਅਤੇ ਭੋਗ ਪੈਣ ਮਗਰੋਂ ਸ਼ਹਿਰ ਦੇ ਗੁਰਦੁਆਰਿਆਂ ਦੀ ਯਾਤਰਾ ਕੀਤੀ।

## ਦਰਸ਼ਨ ਗੁਰਦੁਆਰਾ ਸਾਹਿਬ ਲੰਗਰ (ਬਾਬਾ ਨਿਧਾਨ ਸਿੰਘ ਜੀ)

ਸੰਗਤਾਂ ਗੁਰਦੁਆਰਾ ਸਾਹਿਬ ਪੁਜੀਆਂ ਅਤੇ ਦਰਸ਼ਨ ਕੀਤੇ। ਗੁਰਦੁਆਰਾ ਸਾਹਿਬ ਦੇ ਪਰਬੰਧਕਾਂ ਨੇ ਬੇਨਤੀ ਕੀਤੀ ਕਿ ਇਥੇ ਭੀ ਕੀਰਤਨ ਦੀ ਵਰਖਾ ਲਾਓ। ਸੰਗਤਾਂ ਨੇ ਦੋ ਘੰਟੇ ਪ੍ਰੇਮ ਮਈ ਕੀਰਤਨ ਕੀਤਾ। ਇਹ ਗੁਰਦੁਆਰਾ ਬਾਬਾ ਨਿਧਾਨ ਸਿੰਘ ਜੀ ਦਾ ਬਣਵਾਇਆ ਹੋਇਆ ਹੈ। ਇਨ੍ਹਾਂ ਦਾ ਜਨਮ ਪਿੰਡ ਨਢੋਲਾ ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ ਸੀ ਪੰਜ ਨੰਬਰ ਰਸਾਲਾ ਝਾਂਸੀ ਵਿਚ 6 ਮਹੀਨੇ ਨੌਕਰੀ ਮਗਰੋਂ ਸ੍ਰੀ ਹਜ਼ੂਰ ਸਾਹਿਬ ਅ ਗਏ ਅਤੇ ਠੰਡੇ ਜਲ ਛਕਾਉਣ ਦੀ ਸੇਵਾ ਆਰੰਭੀ। ਆਪ ਸਾਰੀ ਸਾਰੀ ਰਾਤ ਕੀਰਤਨ ਦਾ ਰਸ ਮਾਣਦੇ ਰਹਿੰਦੇ ਸਨ। 12 ਸਾਲ ਦੀ ਕਠਨ ਤਪਸਿਆ ਮਗਰੋਂ ਚੋਜੀ ਪ੍ਰੀਤਮ ਦਾ ਵਰ ਹੋਇਆ 'ਖੀਸਾ ਮੇਰਾ ਹਥ ਤੇਰਾ' ਲੰਗਰ ਤੇ ਲੰਗਰ ਚਲਾਉ ਪਹਿਲੋਂ ਇਥੇ ਘਣਾ ਜੰਗਲ ਸੀ। ਹੁਣ ਜੰਗਲ ਵਿਚ ਮੰਗਲ ਬਣ ਗਿਆ ਹੈ। ਅਜ ਭਾਵੇਂ ਆਪ ਜੀ ਸਰੀਰ ਕਰਕੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ ਪਰੰਤੂ ਉਨ੍ਹਾਂ ਲਈ ਅਮਰ ਫੁਲਵਾੜੀ ਅਠੋ ਪਹਿਰ ਅਤੁਟ ਲੰਗਰ ਵਰਤਾ ਰਹੀ ਹੈ। ਲਹੁਤ ਸਾਰੇ ਕਮਰੇ ਵੀ ਬਣ ਰਹੇ ਹਨ ਅਤੇ ਆਪ ਜੀ ਦੀ ਅੰਤਮ ਯਾਦ ਅੰਗੀਠਾ ਬਣਾ ਕੇ ਸਾਹਿਬਾਂ ਦਾ ਪ੍ਰਕਾਸ਼ ਕੀਤਾ ਗਿਆ ਹੈ।

## ਦਰਸ਼ਨ ਗੁਰਦੁਆਰਾ ਸਾਹਿਬ ਨੀਗਨਾ ਘਾਟ

ਇਹ ਅਸਥਾਨ ਗੁਰੂ : ਲੰਗਰ ਸਾਹਿਬ ਦੇ ਨਾਲ ਹੀ 20,30 ਗਜ਼ ਦੀ ਵਿਥ ਤੇ ਨਦੀ ਕੰਢੇ ਸ਼ਸ਼ੋਭਤ ਹੈ। ਇਥੇ ਸ਼ਾਮ ਦੇ ਦੀਵਾਨ ਵਿਚ ਇਕ ਲਖੀ ਵਣਜਾਰੇ ਨੇ ਇਕ ਬਹੁ-ਮੁਲਾ ਨਗੀਨਾ ਸਾਹਿਬਾਂ ਦੀ ਭੇਟਾ ਆਣ ਧਰਿਆ ਅਤੇ ਹੰਕਾਰ ਦੇ ਹੜ ਵਿਚ ਗੋਤੇ ਖਾ ਰਿਹਾ ਇਹ ਵਣਜਾਰਾ ਗੁਰ ਸਿੱਖ ਮਨ ਹੀ ਮਨ ਵਿਚ ਬੜੀਆਂ ਗਿਟੀਆਂ ਗਿਣ ਰਿਹਾ ਸੀ ਏਨੇ ਨੂੰ ਸਾਹਿਬਾਂ ਨੇ ਆਪਣੇ ਅੰਮ੍ਰਿਤ ਵਰਸਾਉਣ ਵਾਲੇ ਨੈਣ ਖੋਹਲੇ ਅਤੇ ਫਕੀਰਾਨਾ ਬੇਪਰਵਾਹੀ ਵਿਚ ਉਹ ਨਗੀਨਾ ਲਾਗੇ ਵਗਦੀ ਨਦੀ ਵਿਚ ਦੇ ਮਾਰਿਆ। ਇਹ ਦੇਖ ਉਸਦਾ ਦਿਲ ਧੁਹਿਆ ਗਿਆ, "ਜੋ ਸਾਹਿਬਾਂ ਨੂੰ ਨਗੀਨੇ ਦੀ ਪਰਖ ਨਹੀਂ ਹੋਈ।" ਅੰਤਰਜਾਮੀ ਦਾਤਾ ਜੀ ਨੇ ਉਸ ਵਣਜਾਰੇ ਦੀ ਦਿਸ਼ਾ ਅਨੁਭਵ ਕਰਕੇ, ਨਦੀ ਵਿਚੋਂ ਆਪਣਾ ਨਗੀਨਾ ਕੱਢ ਲਿਆਉਣ ਦੀ ਆਗਿਆ ਦਿਤੀ। ਹੁਕਮ ਮਨ ਜਦੋਂ ਉਸ ਨੇ ਨਦੀ ਚੋਂ ਬੁਕ ਭਰ ਕੇ ਬਾਹਰ ਕਢਿਆ ਤਾਂ ਆਪਣੇ ਹਥਾਂ ਵਿਚ ਬਹੁਤ ਹੀ ਬਹੁਮੁਲੇ ਨਗੀਨੇ ਦੇਖ ਬੜਾ ਸ਼ਰਮਸਾਰ ਹੋਇਆ ਅਤੇ ਸਾਹਿਬਾਂ ਪਾਸੋਂ ਆਪਨੀ ਭੁਲ ਬਖਸ਼ਵਾਈ ਇਸ ਅਸਥਾਨ ਦੀ ਸ਼ਾਨਦਾਰ ਇਮਾਰਤ ਦੀ ਸੇਵਾ ਰਾਜਾ ਗੁਲਾਬ ਸਿੰਘ ਜੀ ਦਿਲੀ ਵਾਲੇ ਕਰਵਾ ਰਹੇ ਹਨ। ਇਸ ਦੇ ਨਾਲ ਲਗਦੇ ਘਾਟ ਅਤੇ ਸੜਕ ਦੀ ਸੇਵਾ ਸ੍ਰੀ ਮਾਨ ਸੰਤ ਬਾਬ ਨਿਧਾਨ ਸਿੰਘ ਜੀ ਨੇ ਕਰਾਈ ਹੈ।

## ਦਰਸ਼ਨ ਗੁਰ: ਸਾਹਿਬ ਬੰਦਾ ਘਾਟ

ਇਹ ਗੁਰਦੁਆਰਾ, ਗੁਰਦੁਆਰਾ ਨਗੀਨਾ



www.AKJ.Org

ਘਾਟ ਸਾਹਿਬ ਤੋਂ ਤਿੰਨ ਫਰਲਾਂਗ ਦੀ ਵਿਥ ਤੋਂ ਪੱਛਮੇਂ ਦਿਸ਼ਾ ਨੂੰ ਨਦੀ ਕੰਢੇ ਸ਼ਸ਼ੋਭਤ ਹੈ। ਬਾਬਾ ਗੁਰਬਖ਼ਸ਼ ਸਿੰਘ ਬੰਦਾ ਬਹਾਦਰ ਜੀ ਨੇ (ਬਚਪਨੀ ਨਾਮ ਲਛਮਾਨ ਦਾਸ) ਪਿੰਡ ਰਾਜੌਰੀ ਇਲਾਕੇ ਪੁਣਛ ਵਿਚ ਰਾਮ ਦੇਵ ਰਾਜਪੂਤ ਦੇ ਘਰ ਜਨਮ ਲਿਆ। ਸ਼ਿਕਾਰ ਖੇਡਦਿਆਂ ਜਦੋਂ ਇਕ ਦਿਨ ਇਕ ਗਰਭਵਤੀ ਹਰਨੀ ਮਾਰੀ ਤਾਂ ਉਸ ਦੇ ਪੇਟ ਵਿਚੋਂ ਦੋ ਬਚੇ ਨਿਕਲੇ ਜੋ ਉਥੇ ਹੀ ਤੜਫ 2 ਕੇ ਪ੍ਰਾਣ ਤਿਆਗ ਗਏ। ਇਸ ਹਿਰਦੇ ਵੇਧਕ ਸੀਨ ਨੇ ਦਿਲ ਨੂੰ ਐਸੀ ਚੋਟ ਮਾਰੀ ਕਿ ਆਪ ਬੈਰਾਗੀ ਹੋ ਜੰਗਲਾਂ ਨੂੰ ਚਲੇ ਗਏ ਅਤੇ ਫਿਰਦੇ ੨ ਦੱਖਣ ਵਿਚ ਇਕ ਲੂਣੀਆਂ ਨਾਮੀ ਸੰਤ ਜੀ ਦੇ ਆਇ ਚੇਲੇ ਬਣੇ। ਤਨੋ ਮਨੋ ਹੋਕੇ ਸੇਵਾ ਕਰਨ ਤੇ ਜੰਤ੍ਰਾਂ ਦੀ ਸੂਝ ਹੋਈ। ਇਕ ਦਿਨ ਦਸ਼ਮੇਸ਼ ਪਿਤਾ ਜੀ ਸਿੰਘਾਂ ਸਮੇਤ ਬੈਰਾਗੀ ਜੀ ਦੇ ਆਸ਼ਰਮ ਨੂੰ ਪਧਾਰੇ ਅਤੇ ਉਸ ਪਲੰਗ ਤੇ ਜਾ ਕੇ ਬਿਰਾਜਮਾਨ ਹੋ ਗਏ ਬੈਰਾਗੀ ਜ ਨਦੀ ਕੰਢੇ ਬੈਠ ਮਾਲਾ ਫੇਰ ਰਹੇ ਸਨ ਆਪਣੇ ਚਲਿਆਂ ਪਾਸੋਂ ਇਹ ਸਮਾਚਾਰ ਸੁਣਕੇ ਬੜੇ ਕ੍ਰੋਧਵਾਨ ਹੋਏ ਅਤੇ ਝਟ ਆਪਣੇ ਗੁਪਤ ਬੀਰਾਂ ਨੂੰ ਪਲੰਗ ਉਲਟਾਉਣ ਲਈ ਭੇਜ ਦਿਤਾ। ਪ੍ਰੰਤੂ ਜਦੋਂ ਗੁਰੂ ਜੀ ਅਗੇ ਕੋਈ ਸਫਲਤਾ ਪ੍ਰਾਪਤ ਨਾ ਹੋਈ ਵੇਖੀ, ਤਦੋਂ ਅਧੀਰ ਹੋਕੇ ਆਏ ਸਾਹਿਬਾਂ ਦੀ ਚਰਨੀਂ ਡਿਗਾ ਤੇ ਬੇਨਤੀ ਕੀਤੀ ! ਪ੍ਰਭੂ ਜੀਉ ਆਪਣੇ ਬੰਦੇ ਨੂੰ ਸਿਧ ਮਾਰਗ ਤੇ ਪਾਉ ! ਗੁਰੂ ਜੀ ਨੇ ਉਸ ਦੇ ਨਿਮ੍ਰਤਾ ਭਾਵ ਤੇ ਖੁਸ਼ ਹੋ ਕੇ ਅੰਮ੍ਰਿਤ ਦੀ ਦਾਤ ਬਖ਼ਸ਼ ਬਾਬਾ ਗੁਰਬਖ਼ਸ਼ ਸਿੰਘ ਨਾਮ ਰਖ ਕੇ ਸਿੰਘਾਂ ਦਾ ਜਥੇਦਾਰ ਥਾਪਿਆ ਕੁਝ ਚਿਰ ਪਿਛੋਂ ਸਾਹਿਬਾਂ ਨੇ ਬਾਬਾ ਬੰਦਾ ਬਹਾਦਰ ਜੀ ਨੂੰ ਪੰਜ ਤੀਰ, ਪੰਜੀ ਸਿੰਘ ਅਤੇ ਨਿਸ਼ਾਨ ਨਿਗਾਰਾ ਬਖਸ਼ ਕੇ ਮਲੇਛਾਂ ਦਾ ਕਾਲ ਬਣਾ ਕੇ ਪੰਜਾਬ ਨੂੰ ਭੇਜਿਆ ਸੀ। ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਮਗਰੋਂ ਸੰਗਤਾਂ ਵਾਪਸ ਗੁਰਦੁਆਰਾ ਲੰਗਰ ਸਾਹਿਬ ਪੁਜੀਆਂ ਅਤੇ ਲੰਗਰ ਛਕ ਬਿਸਰਾਮ ਕੀਤਾ।

## ਦਰਸ਼ਨ ਗੁਰਦੁਆਰਾ ਸਾਹਿਬ ਮਾਲ ਟੇਕਰੀ

ਸ਼ਾਮ ਨੂੰ 5 ਵਜੇ ਸੰਗਤਾਂ ਨੇ ਗੁਰਦੁਆਰਾ ਮਾਲ ਟੇਕਰੀ ਲਈ ਬਸਾਂ ਪਰ ਚੜ੍ਹ ਸਾਢੇ 5 ਵਜੇ ਗੁਰਦੁਆਰਾ ਮਾਲ ਟੇਕਰੀ ਪੁਜ ਗਈਆਂ, ਇਹ ਗੁਰਧਾਮ ਪਕੀ ਸੜਕ ਸ੍ਰੀ ਸੱਚ ਖੰਡ ਸਾਹਿਬ ਜੀ ਤੋਂ ਤਿੰਨ ਮੀਲ ਉਤਰ ਪੂਰਬ ਦਿਸ਼ਾ ਵਿਚ ਰੇਲਵੇ ਲਾਈਨ ਦੇ ਨਾਲ ਹੀ ਸ਼ਸ਼ੋਭਤ ਹੈ। ਇਥੋਂ ਛਿਆਨਵਾਂ ਕਰੋੜ ਖਾਲਸੇ ਲਈ ਢਾਈ ਦਿਨਾਂ ਦਾ ਲੰਗਰ ਖਰਚ ਦਸਿਆ ਜਾਂਦਾ ਹੈ ਜਗਤ ਤਾਰਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ 1560 ਈ: ਵਿਚ ਇਥੇ ਪੁਜੇ ਅਤੇ ਇਸੇ ਮਾਲ ਟੇਕਰੀ ਨੂੰ ਆਪਣੇ ਪਵਿਤਰ ਚਰਨਾਂ ਦੀ ਛੋਹ ਦੇ ਕੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਨਾਨਕ ਪੁਰੀ ਨੂੰ ਭਾਗ ਲਾਉਂਦੇ ਹੋਏ ਨਾਨਕ ਝੇਰਾ (ਬਿਦਰ) ਨੂੰ ਪਧਾਰੇ ਸਨ।

ਸੰਨ 1926 ਈ. ਵਿਚ ਸ਼ਹਿਰ ਵਿਚ ਪਲੇਗ ਪੈ ਜਾਨ ਤੇ ਸਾਰੇ ਲੋਕੀ ਇਥੇ ਹੀ ਬਾਹਰ ਝੋਂਪੜੀਆਂ ਵਿਹ ਆ ਵਸੇ। ਅਖੇ ਦਸੰਬਰ ਦੀ ਇਕ ਰਾਤ ਨੂੰ ਇਨ੍ਹਾਂ ਪਲੇਗ ਦੇ ਮਾਰਿਆਂ ਨੇ ਇਸ ਅਸਥਾਨ ਤ ਇਕ ਮੁਰਦਾ ਦਫਨ ਕਰਕੇ ਆਪਣਾ ਕਬਰਸਤਾਨ ਜ਼ਾਹਰ ਕੀਤਾ। ਇਹ ਘਟਨਾ ਸਿਖ ਮੁਸਲਮ ਫਸਾਦ ਦਾ ਰੂਪ ਧਾਰਕੇ ਮੁਕਦਮਾ ਹੈਦਰਾਬਾਦ ਹਾਈਕੋਰਟ ਵਿਚ ਤੇ ਫਿਰ ਸੁਪਰੀਮ ਕੋਰਟ ਕਲਕਤਾ ਵਿਚ ਚਲਦਾ ਰਿਹਾ। ਅੰਤ ਖਾਲਸੇ ਦੀ ਫਤਹਿ ਹੋਈ ਅਤੇ ਉਹ ਲਾਸ਼ 1930 ਈ. ਵਿਚ ਇਥੋਂ ਕਢਾਈ ਗਈ ਅਤੇ ਖਾਲਸੇ ਦਾ ਕਬਜ਼ਾ ਹੋਇਆ। ਸੋਦਰ ਦਾ ਪਾਠ ਸੰਗਤਾਂ ਨੇ ਉਥੇ ਹੀ ਮੈਦਾਨ ਵਿਚ ਬੈਠਕੇ ਕੀਤਾ ਅਤੇ ਰਾਤ 8 ਵਜੇ ਸੰਗਤਾਂ ਵਾਪਸ ਸੱਚ ਖੰਡ ਪੁਜੀਆਂ। ਲੰਗਰ ਛਕ ਬਿਸਰਾਮ ਕੀਤਾ।

(ਚਲਦਾ)



www.AKJ.Org

## ਐਡੀਟਰ ਦੀ ਡਾਕ:—

# "ਗੁਰਸਿਖ ਮੀਤ ਚਲਹੁ ਗੁਰ ਚਾਲੀ"

(ਮਾਸਟਰ ਨਿਹਾਲ ਸਿੰਘ ਜੀ ਆਨਰੇਰੀ ਸੇਵਕ ਲੋਕਲ ਕਮੇਟੀ, ਚੀਫ ਖਾਲਸਾ ਦੀਵਾਨ ਬੰਬਈ ਵਲੋਂ ਗੁਰਮਤ ਪ੍ਰਚਾਰ ਸੇਵਾ ਦੇ ਆਸ਼ੇ ਨੂੰ ਮੁਖ ਰਖਕੇ ਇਹ ਸੱਤਰਾਂ 'ਸੂਰਾ' ਵਿਚ ਛਾਪਣ ਹਿਤ ਪੁਜੀਆਂ ਹਨ, ਜੋ ਹੇਠ ਛਾਪ ਰਹੇ ਹਾਂ। (ਐਡੀਟਰ)

ਜਲੰਧਰ ਰੇਡੀਓ ਸਟੇਸ਼ਨ ਤੋਂ ਗਾਈ ਜਾ ਰਹੀ ਗੁਰਬਣੀ ਦੇ ਸੁਣਨ ਦਾ ਸੁਭਾਗ ਪਟਿਆਲੇ ਪਰਾਪਤ ਹੋਇਆ। ਸ਼ਬਦ ਸੀ 'ਅਵਲਿ ਅਲਾਹ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ' ਗਾਇਕ ਸੰਸਾਰੀ ਹਿਰਦਿਆਂ ਨੂੰ ਮਾਂਜ ਰਿਹਾ ਸੀ। ਧੰਨ ਸੇਵਾ। ਗਾਇਕ ਦੀ ਅਸਥਾਈ ਸੀ। ਅਵਲਿ ਅਲਾਹ ਨੂਰੁ ਉਪਾਇਆ ਕੁਦਰਤ ਦੇ ਸਭ ਬੰਦੇ। ਗੁਰਮਤ ਅਨੁਸਾਰ ਸ਼ਬਦ ਦੀ ਟੇਕ ਜਾਂ ਅਸਥਾਈ ਰਹਾਉ ਦੀ ਤੁਕ ਤੋਂ 'ਲੋਗਾ ਭਰਮਿ ਨ ਭੂਲਹੁ ਭਾਈ' ਹੋਣੀ ਉਚਤ ਹੈ। ਸ਼ਬਦ ਦਾ ਸੈਂਟਰਲ ਆਈਡੀਆ (ਉਪਦੇਸ਼ ਦਾ ਗਭਾ ਜਾਂ ਮੰਤਵ) ਤਾਂ ਰਹਾਉ ਦੀ ਤੁਕ ਵਿਚ ਹੁੰਦਾ ਹੈ। ਇਸ ਲਈ ਇਹ ਬੇਨਤੀ ਸੁਹਿਰਦ ਗੁਰਮਤ ਗਾਇਕਾਂ ਦੀ ਸੇਵਾ ਤਕ ਸੂਰਾ ਰਾਹੀਂ ਪਹੁੰਚਾ ਕੇ ਜੋਦੜੀ ਕੀਤੀ ਜਾਂਦੀ ਹੈ ਕਿ ਗੁਰਸਿਖ ਰੇਡੀਓ ਸਿੰਗਰ (ਜਲੰਧਰ, ਦਿਲੀ, ਬੰਬਈ ਤੇ ਦਰਬਾਰ ਸਾਹਿਬ ਅੰਮ੍ਰਿਤਸਰ) ਤੋਂ ਸ਼ਬਦ ਗਾਣ ਸਮੇਂ ਅਸਥਾਈ ਰਹਾਉ ਤੋਂ ਲੈਂਦੇ ਹੋਏ ਦੋ ਸ਼ਬਦ ਇਉਂ ਭੀ ਕਹਿ ਦਿਤਾ ਕਰੇ ਕਿ ਇਹ ਸ਼ਬਦ ਇਸ ਪਾਤਸ਼ਾਹ ਜੀ ਦੀ ਬਖਸ਼ਸ਼ ਹੈ। ਅਸਥਾਈ ਹੈ ਰਹਾਉ ਦੀ ਤੁਕ ਤੋਂ 'ਇਹ' (ਅਸਥਾਈ ਬੋਲ ਦੇਵੇ) ਸੁਹਿਰਦ ਸਰੋਤੇ ਤੇ ਗੁਣੀ ਜਨ ਨੋਟ ਕਰਨ ਕਿ ਗੁਰਮਤ ਅਨੁਸਾਰ ਅਸਥਾਈ ਸਦਾ ਰਹਾਉ ਦੀ ਤੁਕ ਤੋਂ ਲੈਣੀ ਲਾਜ਼ਮੀ ਹੁੰਦੀ ਹੈ। ਗੁਰਮਤ ਪ੍ਰਚਾਰ ਵਿਚ ਜੁਟੀਆਂ ਅਖ਼ਬਾਰਾਂ, ਸੁਹਿਰਦ ਗੁਰੂ ਘਰ ਦੇ ਕੀਰਤਨੀਏ ਖਾਸ ਕਰਕੇ ਰੇਡੀਓ ਸਿੰਗਰ ਇਸ ਸੇਵਾ ਲਈ ਖੇਚਲ ਕਰਨ ਤੇ ਬੜਾ ਪਰਉਪਕਾਰ ਹੋਵੇਗਾ।

ਗੁਰਬਾਣੀ ਦੇ ਸੰਗੀਤਕ ਪ੍ਰਚਾਰ ਦੇ ਮੋਢੀਆਂ ਦਾ ਜੋੜੇ ਬਰਦਾਰ:—

ਨਿਹਾਲ ਸਿੰਘ

ਆਨਰੇਰੀ ਸੇਵਕ ਲੋਕਲ ਕੇਮਟੀ ਚੀਫ਼ ਖਾ. ਦੀਵਾਨ, ਬੰਬਈ।

## ਰਸਭਿੰਨੀ ਸੋਓ !

ਮਾਸਟਰ ਨਿਹਾਲ ਸਿੰਘ ਜੀ ਆਨਰੇਰੀ ਸੇਵਕ ਲੋਕਲ ਕਮੇਟੀ ਚੀਫ ਖਾਲਸਾ ਦੀਵਾਨ ਬੰਬਈ ਵਲੋਂ ਪੁਜੀ 'ਮਾਝ ਮਹਲਾ ੫' ਸੰਗਰੈਹ (ਸਹਿਤ ਸ੍ਰੀ ਹੇਮਕੁੰਟ ਸਾਹਿਬ ਦਰਸ਼ਨੀ ਫੋਟੋ) ਗੁਰਬਾਣੀ ਸ਼ਰਧਾਲੂਆਂ ਦੀ ਭੇਟਾ ਹੋ ਰਹੀ ਹੈ। ਇਸ ਸੈਂਚੀ ਦੇ ਸ਼ਬਦਾਂ ਦੀ ਸੰਗਰੈਹ ਦੀ ਬਖਸ਼ਸ਼ ਸਚਖੰਡ ਵਾਸੀ ਸੰਤ ਭਗਤ ਸਿੰਘ ਜੀ ਬਨੂੰ ਵਾਲਿਆਂ ਨੇ ਕੀਤੀ ਸੀ। ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਮਗਰੋਂ ਸੰਗਤ ਉਨ੍ਹਾਂ ਦੇ ਗੁਰਦੁਆਰੇ ਬੜੇ ਰਸ ਵਿਚ ਝੂਮ ਝੂਮ ਕੇ ਪੜਿਆ ਕਰਦੀ ਸੀ। ਸੋ ਗੁਰਬਾਣੀ ਰਸੀਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਪਰੇਮ ਰਸ ਦੇ ਪਰਚਾਰ ਲਈ ਘਰ ਘਰ ਇਸ 'ਫੁਟ ਫੁਟ ਪੈਂਦੀ ਸ਼ਰਧਾ ਤੇ ਪਿਆਰ ਭਰੀ' ਬਾਣੀ ਦਾ ਪਾਠ ਕਰਨਾ ਬੜਾ ਲਾਭਦਾਇਕ ਹੈ। ਇਹ ਸੰਗਰੈਹ ਸੂਰਾ ਪਾਠਕਾਂ ਦੇ ਉਹਨਾਂ ਸਜਨਾਂ ਨੂੰ ਅਗਲੇ ਪਰਚੇ ਰਾਹੀਂ ਘਲ ਦਿਤੀ ਜਾਵੇਗੀ ਜੋ ਪਰੇਮੀ ਇਸ ਸੈਂਚੀ ਦੀ ਮੰਗ 20 ਫ਼ਰਵਰੀ 1968 ਤਕ ਕਰ ਘਲਨਗੇ। ਆਸ ਕੀਤੀ ਜਾਂਦੀ ਹੈ ਕਿ ਗੁਰਬਾਣੀ ਰਸੀਏ ਨੋਟ ਕਰਨਗੇ ਤੇ ਵੇਲੇ ਸਿਰ ਮੰਗ ਕੇ ਸੈਂਚੀ ਪਰਾਪਤ ਕਰ ਲੈਣਗੇ ਤੇ ਆਪਣੇ ਪਰਵਾਰ ਲਈ ਇਸ ਸੰਗਰੈਹ ਰਾਹੀਂ ਪਰੇਮ ਰਸ ਦੇ ਹੁਲਾਰੇ ਪਰਦਾਨ ਕਰਨ ਦਾ ਸੁਭਾਗ ਪਰਾਪਤ ਕਰਨਗੇ। ਮੈਨੇਜਰ, "ਸੂਰਾ" ਪਟਿਆਲਾ।

www.AKJ.Org

'SURA' Monthly 5 February 1968 Regd. No. P 119

ਅਜ ਦਾ ਵਿਗਿਆਨ ਅਜੇ ਤਕ ਇਹ ਖੋਜਨ ਤੋਂ ਅਸਮਰਥ ਰਿਹਾ ਹੈ

ਕਿ

ਮਰਨ ਤੋਂ ਪਿਛੋਂ ਕੀ ਹੁੰਦਾ ਹੈ ?

ਗੁਰਮਤਿ ਦੀ ਰੋਸ਼ਨੀ

ਵਿੱਚ ਲਿਖੀ

"ਅਣਡਿਠੀ ਦੁਨੀਆਂ"

ਇਹ ਸਭ ਕੁਝ ਵਿਸਥਾਰ ਸਹਿਤ ਦਸਦੀ ਹੈ ।

ਕ੍ਰਿਤ : ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ।

ਭੇਟਾ ੪) ਰੁਪੈ ਡਾਕ ਖ਼ਰਚ ਵੱਖਰਾ

ਮਿਲਣ ਦਾ ਪਤਾ :-

ਸੂਰਾ ਪੁਸਤਕ ਭੰਡਾਰ

ਰਾਘੋਮਾਜਰਾ, ਪਟਿਆਲਾ ।

www.AKJ.Org